ISSN 0972-2335

# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | E-Magazine




## ਜਨਵਰੀ ੨੦੨੫

**ਸੰਪਾਦਕ**

**ਡਾ. ਜਾਗੀਰ ਸਿੰਘ**



## ਪੈਂਤੀ ਅੱਖਰੀ-ਕਾਫ਼ੀਆਂ

### ੳ

ਓਂਕਾਰ ਸਦਾ ਅਬਿਨਾਸੀ,
ਵਸਦਾ ਘਟ ਘਟ ਅੰਦਰ ਹੂ ।

ਮੰਨ ਭੈੜਾ ਇਹ ਟਿੱਕ ਨ ਬਹਿੰਦਾ,
ਇਉਂ ਟੱਪੇ ਜਿਉਂ ਬੰਦਰ ਹੂ ।

ਘੁਮੰਨ ਘੇਰੇ ਦੇ ਵਿਚ ਰਹਿੰਦਾ,
ਜਿਉਂ ਪਾਣੀ ਦਾ ਜੰਦਰ ਹੂ ।

ਸੰਤੋਖ ਰਹੇ ਵਿਚ ਮਾਣਸ ਇੱਦਾਂ,
ਜਿਉਂ ਪੁਜਾਰੀ ਮੰਦਰ ਹੂ ।

**ਪੁਸਤਕ - ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.**

**ਸਹਿਯੋਗੀ**

**ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ,**

**ਅਤੇ ਸ. ਅਰਸ਼ਦੀਪ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤੁ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- 'ਅੰਮ੍ਰਿਤੁ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


**ਅੰਮ੍ਰਿਤੁ ਕੀਰਤਨ ਟ੍ਰਸਟ (ਰਜਿ.)**

**#422, ਸੈਕਟਰ 15-ਏ, ਚੰਡੀਗੜ੍ਹ [160015]**

**ਫੋਨ: 0172-2772660, +91-98140-53630**

**e-mail:** drjagirsingh@gmail.com
**Website:** http://www.amritkirtan.com


## ਇਸ ਅੰਗ ਵਿੱਚ


**ਸੰਪਾਦਕੀ: ਕਰਉ ਬੇਨੰਤੀਆ**
ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਓਡੀਸੀ ....................................3

**ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ**
ਡਾ. ਅਜੈਪਾਲ ਸਿੰਘ ਚਵਿੰਡਾ ..........................................................9

**ਭੁੱਲੇ-ਵਿਸਰੇ ਨਾਨਕਪੰਥੀ ਸਿੰਧੀਆਂ ਵਾਸਤੇ ਸਿੱਖ ਪੰਥ ਕੀ ਕਰੇ?**
ਡਾ. ਚਮਕੌਰ ਸਿੰਘ..................................................................16

**ਡਾ. ਜਸਬੀਰ ਸਿੰਘ ਸਾਬਰ ਨੂੰ ਯਾਦ ਕਰਦਿਆਂ**
ਡਾ. ਪਰਮਵੀਰ ਸਿੰਘ................................................................22

**ਪ੍ਰਸਿੱਧ ਕੀਰਤਨੀਏ ਭਾਈ ਹਰਨਾਮ ਸਿੰਘ ਜੀ ਸਹਾਰਨਪੁਰ ਵਾਲੇ**
ਸ. ਤੀਰਥ ਸਿੰਘ....................................................................30

**ਗੁਰਮੁਖ ਪਿਆਰੀ ਰੂਹ ਗਿਆਨੀ ਸਾਹਿਬ ਸਿੰਘ ਜੀ 'ਸ਼ਾਹਬਾਦ ਮਰਕੰਡਾ'**
ਸ. ਪਰਮਜੀਤ ਸਿੰਘ 'ਸੁਚਿੰਤਨ'......................................................36

**ਇੱਕ ਸੱਚੀ ਅਤੇ ਸੁੱਚੀ ਸ਼ਰਧਾਂਜਲੀ - ਮਹਾਨ ਕੀਰਤਨੀਏ ਭਾਈ ਬਖਸ਼ੀਸ਼ ਸਿੰਘ ਜੀ**
ਡਾ. ਜਾਗੀਰ ਸਿੰਘ ..................................................................44

**Bhai Gyan Singh Jogi**
Dr. Amardev Singh........................................................47

**आदि ग्रंथ श्री गुरु ग्रंथ साहिब में वर्णित रस-प्रबंध**
डा. मलकीत सिंह (जंडियाला)...................................................55

**राग तिलक कामोद**
प्रो. गुरबख्श सिंह.................................................................69

**ਰਾਗ ਮਾਝ**
ਪ੍ਰੋ. ਹਰਭਜਨ ਸਿੰਘ ਧਾਰੀਵਾਲ....................................................71

**ਰੇਲਾ ਤਿੰਨ ਤਾਲ**
ਪ੍ਰੋ. ਹਰਭਜਨ ਸਿੰਘ ਧਾਰੀਵਾਲ....................................................76


Donations to **AMRIT KIRTAN TRUST** (Unique Registration Number **AAATA1371JF19911**) are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are: **AMRIT KIRTAN TRUST** Savings Bank A/c No. **65079603302**, IFSC: **SBIN0018141** in the State Bank of India, Phase 3B2, S.A.S Nagar (Mohali), Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਓਡੀਸੀ

ਮੇਰੇ ਇੱਕ ਪ੍ਰੇਮੀ ਹਨ ਮਤਵਿੰਦਰ ਸਿੰਘ ਜੀ ਜੋ ਪੇਸ਼ੇ ਵਜੋਂ ਵਕੀਲ ਹਨ ਉਹਨਾਂ ਨੇ ਮੇਰਾ ਸੰਪਾਦਕੀ ਪੜ੍ਹ ਕੇ ਜਾਂ ਸ਼ਾਇਦ ਅਜਕਲ੍ਹ ਸੋਸ਼ਲ ਮੀਡੀਆ ਤੇ ਚਰਚਾਵਾਂ ਤੋਂ ਪ੍ਰਭਾਵਿਤ ਹੋ ਕੇ ਮੈਂਨੂੰ ਬੜਾ ਰੋਚਕ ਨੋਟ ਭੇਜਿਆ।ਮਤਵਿੰਦਰ ਸਿੰਘ ਜੀ ਨਾਲ ਮੇਰੀਆਂ ਕੁਝ ਪੁਰਾਣੀਆਂ ਯਾਦਾਂ ਜੁੜੀਆਂ ਹਨ।ਇਹਨਾਂ ਦੇ ਪਿਤਾ ਜੀ ਸ੍ਰ ਸੋਹਨ ਸਿੰਘ ਸਾਡੇ ਮੈਗਜ਼ੀਨ 'ਅੰਮ੍ਰਿਤ ਕੀਰਤਨ' ਲਈ ਲੇਖ ਲਿਖਦੇ ਰਹੇ ਹਨ।ਇਹ ਲੇਖ ਪਾਪੂਲਰ ਨਜ਼ਰੀਏ ਤੋਂ ਕੁਝ ਵੱਖਰੇ ਹੁੰਦੇ ਸਨ।ਇਹਨਾਂ ਲੇਖਾਂ ਨੂੰ ਪੁਸਤਕ ਰੂਪ ਮੇਰੇ ਇੱਕ ਹੋਰ ਮਿੱਤਰ ਜੋਤਿੰਦਰ ਸਿੰਘ ਸੋਹਲ ਜੀ ਨੇ ਦਿੱਤਾ ਸੀ ਤੇ ਪ੍ਰਕਾਸ਼ਿਤ ਕੀਤਾ ਸੀ।ਸ੍ਰ ਸੋਹਣ ਸਿੰਘ ਜੀ ਸੋਹਲ ਸਾਹਿਬ ਦੀ ਪਤਨੀ ਦੇ ਮਾਮਾ ਜੀ ਹਨ।ਸੋਹਲ ਸਾਹਿਬ ਨੇ ਕੁਝ ਸਮਾਂ 'ਅੰਮ੍ਰਿਤ ਕੀਰਤਨ' ਨੂੰ ਛਾਪਣ ਵਿੱਚ ਯੋਗਦਾਨ ਪਾਇਆ ਸੀ ਇਸ ਦੀ ਦਿੱਖ ਉਹਨਾਂ ਨੇ ਬਹੁਤ ਵਧੀਆ ਕਰ ਦਿੱਤੀ ਸੀ। ਸੋਹਲ ਸਾਹਿਬ ਬਨਾਰਸ ਤੋਂ ਚੰਡੀਗੜ੍ਹ ਮੁਹਾਲੀ ਵਿੱਚ ਆਏ ਸਨ।ਉਹ ਡਾਕਟਰ ਜੋਧ ਸਿੰਘ ਪੰਜਾਬੀ ਯੂਨੀਵਰਸਟੀ ਵਾਲਿਆਂ ਦੇ ਚੰਗੇ ਮਿੱਤਰ ਸਨ।

ਸੋਹਲ ਸਾਹਿਬ ਹਿੰਦੀ ਦੇ ਚੰਗੇ ਕਹਾਣੀਕਾਰ ਸਨ।ਉਹਨਾਂ ਨੇ ਕੁਝ ਨਾਟਕ ਵੀ ਲਿਖੇ ਸਨ।ਜੀਵਨ ਦੀਆਂ ਅਜੀਬ ਪ੍ਰਸਥਿਤੀਆਂ ਵਿੱਚ ਉਹ ਛੇਤੀ ਹੀ ਅਕਾਲ ਚਲਾਣਾ ਕਰ ਗਏ।

ਖੈਰ ਮੈਨੂੰ ਨਹੀਂ ਸੀ ਪਤਾ ਕਿ ਮਤਵਿੰਦਰ ਸਿੰਘ ਜੀ ਵੀ ਗੰਭੀਰਤਾ ਨਾਲ ਪੜ੍ਹਦੇ ਲਿਖਦੇ ਹਨ।ਉਹਨਾਂ ਨੇ ਜੋ ਸੁਨੇਹਾ ਭੇਜਿਆ ਉਹ ਅੰਗਰੇਜ਼ੀ ਵਿੱਚ ਹੈ:

Why the journeys of Guru Nanak Dev Ji are called Udasis ..

The dictionary meaning of the word Udasi indicates towards Udasi sect started by son of Guru Nanak namely Sri Chand .. it is also sadness, depression etc ..

Attempt is made to connect the word with Detachment ..

Interestingly the journeys of no one in particular are referred to as Udasis , except those of Guru Nanak ..

But interestingly there is an English word Odyssey which is name of an epic poem of Greece ..

It also interestingly means "Long eventful and adventurous journey" ..

But I did not find any reference to any connection between words Udasi and Odyssey .. but I feel there is a connection. After checking up the meaning of the word "Recluse",

I feel that on his journeys Guru Nanak neither intended to be a Recluse nor conducted himself as a Recluse.

He was connecting with people at every place he visited……he initiated and participated wholeheartedly in discussions with common and learned people during his journeys. he tested his theories, concepts, thoughts and reasonings during his discussions with others and boldly put across his points of view, versions and arguments to others .. it is apparent that he left a very deep impact on common and learned people at all places during journeys ..

These can not be the achievements of a Recluse.

ਮੇਰੇ ਮਨ ਵਿੱਚ ਆਇਆ ਕਿ ਇਸ ਬਹਾਨੇ ਉਦਾਸੀ ਅਤੇ ਓਡੀਸੀ ਬਾਰੇ ਕੁਝ ਚਰਚਾ ਕਰ ਲਈਏ।ਭਾਈ ਕਾਹਨ ਸਿੰਘ ਨਾਭਾ ਗੁਰਬਾਣੀ ਵਿੱਚ ਉਦਾਸੀ ਦੇ ਸੰਕਲਪ ਬਾਰੇ ਲਿਖਦੇ ਹਨ: ਉਦਾਸੀ – ਜਗਤ ਤੋਂ ਉਦਾਸੀਨ ਹੋ ਕੇ ਘਰ ਬਾਰ ਤਯਾਗਣ ਵਾਲੇ ਦਾ ਨਾਮ ਉਦਾਸੀ ਨਹੀਂ, ਸਗੋਂ ਸਭ ਕੁਛ ਕਰਦਾ ਹੋਇਆ ਭੀ ਜੋ ਮਨ ਨੂੰ ਮਾਯਾ ਵਿੱਚ ਖਚਿਤ ਨਹੀਂ ਕਰਦਾ, ਗੁਰਮਤ ਵਿੱਚ ਉਸ ਦੀ ਉਦਾਸੀ ਸੰਗਯਾ ਹੈ:

ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ॥

ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ॥(ਆਸਾ ਮਹਲਾ ਪਹਿਲਾ ਛੰਤ)

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ॥(ਮਾਰੂ ਵਾਰ)

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੈ॥(ਮਾਰੂ ਸੋਲਹੇ ਮਹਲਾ ਚਉਥਾ)

ਸੋ ਗਿਰਹੀ ਸੋ ਦਾਸ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ॥

ਨਾਨਕ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ॥(ਪ੍ਰਭਾਤੀ ਮਹਲਾ ਪਹਿਲਾ)

ਜੀਵਨ ਮੁਕ ਤਜਗ ਜੀਵਨ ਜੁਗਤਿ ਜਾਨੀ,
ਸਲਿਲ ਕਮਲ ਗਤਿ ਮਾਯਾ ਮੇ ਉਦਾਸੀ॥ਕਬਿਤ ਭਾਈਗੁਰਦਾਸ ਜੀ)

ਉਦਾਸੀ ਸੰਪਰਦਾ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ:
ਸ੍ਰੀ ਗੁਰੂ ਨਾਨਕ ਦੇਵ ਜੀ ਜਦ ਜਗਤ ਜਲੰਦੇ ਨੂੰ ਸ਼ਾਂਤਿ ਦੇਣ ਲਈ ਦੇਸ਼ਾਂਤਰੀਂ ਵਿਚਰਨ ਵਾਸਤੇ ਸੰਤ ਬਾਣਾ ਧਾਰਨ ਕੀਤਾ, ਅਰ ਜਿਸ ਲਿਬਾਸ ਨੂੰ ਬਾਬਾ ਸ੍ਰੀ ਚੰਦ ਜੀ ਨੇ ਅੰਗੀਕਾਰ ਕਰ ਕੇ ਪ੍ਰਚਾਰਕਾਂ ਦੀ ਜਮਾਤ ਬਣਾਈ, ਉਸ ਦੀ ਭੀ 'ਉਦਾਸੀ' ਸੰਗਿਆ ਹੈ, ਭਾਈ ਗੁਰਦਾਸ ਜੀ ਲਿਖਦੇ ਹਨ:

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥

ਇਹ ਭੇਖ ਕਿਸੇ ਸਿੱਖ ਸੰਪਰਦਾ ਦਾ ਹਮੇਸ਼ਾ ਲਈ ਬਾਣਾ ਹੀ ਨਾ ਸਮਝਿਆ ਜਾਵੇ, ਇਹ ਦੱਸਣ ਲਈ ਭਾਈ ਸਾਹਿਬ ਲਿਖਦੇ ਹਨ:

ਬਾਬਾ ਆਇਆ ਕਰਤਾਰ ਪੁਰ ਭੇਖ ਉਦਾਸੀ ਸਗਲ ਉਤਾਰਾ॥

ਯੋਗਿਰਾਜ ਸ਼੍ਰੀ ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰੁਦਿੱਤਾ ਜੀ ਨੂੰ ਆਪਣਾ ਚੇਲਾ ਬਣਾਇਆ, ਉਨ੍ਹਾਂ ਦੇ ਚਾਰ ਚੇਲੇ ਪ੍ਰਸਿੱਧ ਹੋਏ, ਜਿਨ੍ਹਾਂ ਦੇ ਚਾਰ ਧੂੰਏ (ਧੂਣੇ) ਉਦਾਸੀਆਂ ਵਿੱਚ ਮੁੱਖ ਹਨ।

"ਬਾਲੂ ਹਸਨਾ, ਫੂਲ, ਪੁਨ, ਗੋਂਦਾ, ਅਲਮਸਤ।

ਮੁੱਖ ਉਦਾਸੀ ਏ ਭਏ ਬਹੁਰੋ ਸਾਧੁ ਸਮਸਤ। (ਗੁਰ ਪ੍ਰਤਾਪ ਸੂਰਜ)

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਤੇਗ ਬਹਾਦੁਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਛੇ ਬਖਸ਼ਿਸ਼ਾਂ ਮਿਲਾ ਕੇ ਦਸ ਨਾਮੀ ਉਦਾਸੀ ਆਖੇ ਜਾਂਦੇ ਹਨ। ਉਦਾਸੀ ਸੰਤਾਂ ਨੇ ਦੇਸ਼ ਦੇਸ਼ਾਂਤਰਾਂ ਵਿੱਚ ਜੋ ਗੁਰੂ ਮਤ ਦਾ ਪ੍ਰਚਾਰ ਕੀਤਾ ਹੈ ਉਹ ਬਹੁਤ ਹੀ ਸ਼ਲਾਘਾ ਯੋਗ ਹੈ।

ਪਰ ਅਸੀਂ ਗੱਲ ਕਰ ਰਹੇ ਸਾਂ ਹੋਮਰ ਦੀ ਕਾਵਿ ਰਚਨਾ ਵਿੱਚ ਪ੍ਰਯੁਕਤ ਸ਼ਬਦ 'ਓਡੀਸੀ' ਇਸ ਦੇ ਉਚਾਰਨ ਨਾਲ ਮਿਲਦੇ ਜੁਲਦੇ ਸ਼ਬਦ 'ਉਦਾਸੀ' ਦੀ। ਗੁਰੂ ਨਾਨਕ ਦੇਵ ਜੀ ਦੀਆਂ ਮੁੱਖ ਚਾਰ ਯਾਤਰਾਵਾਂ ਨੂੰ ਚਾਰ ਉਦਾਸੀਆਂ ਕਿਹਾ ਜਾਂਦਾ ਹੈ। ਭਾਵੇਂ ਇਸ ਦਾ ਕੋਈ ਸਿੱਧਾ ਸਬੰਧ ਨਾ ਵੀ ਹੋਵੇ ਪਰ ਗੁਰੂ ਨਾਨਕ ਦੇਵ ਜੀ ਦੀਆਂ ਇਹਨਾਂ ਮਹਾਨ ਯਾਤਰਾਵਾਂ ਬਾਰੇ ਸੋਚਦਿਆਂ ਅਤੇ ਇਹਨਾਂ ਨੂੰ ਉਦਾਸੀਆਂ ਕਹਿਣ ਵੇਲੇ ਅਤੇ ਇਸੇ ਪ੍ਰਸੰਗ ਵਿੱਚ ਵੈਬਸਟਰ ਡਿਕਸ਼ਨਰੀ ਵਿੱਚ ਦਿੱਤਾ ਕਥਨ ਅਚੰਭਤ ਤਾਂ ਕਰਦਾ ਹੀ ਹੈ।

Odysseus, the hero of Homer's *Odyssey*, spends 20 years traveling home from the Trojan War. He has astonishing adventures and learns a great deal about himself and the

world; he even descends to the underworld to talk to the dead. Thus, an odyssey is any long, complicated journey, often a quest for a goal, and may be a spiritual or psychological journey as well as an ਹੀ ਹੈ।ਪੜ੍ਹਨ ਲਿਖਣ ਵਾਲੇ ਸੱਜਣਾ ਨਾਲ ਵਿਚਾਰ ਵਟਾਂਦਰੇ ਸਮੇਂ ਆਨੰਦ ਤਾਂ ਆਉਂਦਾ ਹੀ ਹੈ।

**ਭੁੱਲ ਚੁੱਕ ਖਿਮਾ**



**ਜਾਗੀਰ ਸਿੰਘ**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਅਜੈਪਾਲ ਸਿੰਘ ਚਵਿੰਡਾ

ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਕ ਸਨ। ਆਪ ਸਾਹਿਤ ਅਤੇ ਸੰਗੀਤ ਦੇ ਮਹਾਨ ਗਿਆਤਾ ਸਨ ਅਤੇ ਬ੍ਰਿਜ ਭਾਸ਼ਾ ਫਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ।ਇੰਨਾ ਹੀ ਨਹੀਂ ਆਪ ਇਕ ਸੂਰਬੀਰ ਯੋਧਾ ਅਤੇ ਚੰਗੇ ਸੰਗੀਤਕਾਰ ਸਨ। ਆਪਣੇ 42 ਸਾਲਾਂ ਦੇ ਜੀਵਨ ਵਿਚ ਆਪ ਨੇ ਜਿਥੇ ਸਿੱਖ ਕੌਮ ਨੂੰ ਨਵੀਂ ਸੇਧ ਦਿੱਤੀ ਉਥੇ ਆਪ ਜੀ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਵੀ ਮਹਾਨ ਯੋਗਦਾਨ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰਨਾ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਇਆ। ਇਹ ਕਾਰਜ ਦਮਦਮਾ ਸਾਹਿਬ ਵਿਚ ਰਹਿ ਕੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਕਰਵਾਇਆ।

## ਦਸਮ ਗ੍ਰੰਥ ਦੀ ਰਚਨਾ:

ਗੁਰੂ ਜੀ ਬ੍ਰਿਜ ਭਾਸ਼ਾ ਫਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਇਹਨਾਂ ਨੇ ਆਪਣੇ ਦਰਬਾਰ ਵਿਚ 52 ਕਵੀ ਰੱਖੇ ਹੋਏ ਸਨ। ਗੁਰੂ ਜੀ ਦੀਆਂ ਆਪਣੀਆਂ ਅਤੇ ਇਹਨਾਂ ਕਵੀਆਂ ਦੀਆਂ ਰਚਨਾਵਾਂ ਦਾ ਸੰਕਲਨ ਦਸਮ ਗ੍ਰੰਥ ਦੇ ਰੂਪ ਵਿਚ ਕਰਵਾਇਆ। ਇਸ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਜੀ ਨੇ ਕੀਤਾ।

ਰਾਜਨੀਤਿਕ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਇਹਨਾਂ ਦੁਆਰਾ ਰਚਿਤ ਬੀਰ ਕਾਵਿ ਪੰਜਾਬੀ ਸਾਹਿਤ ਦਾ ਉੱਤਮ ਨਮੂਨਾ ਹਨ। ਇਹਨਾਂ ਦੇ ਦਰਬਾਰੀ ਕਵੀ ਵੀ ਇਹਨਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਦਸਮ ਗ੍ਰੰਥ 1428 ਪੰਨਿਆਂ ਦਾ ਇਕ ਵਿਸ਼ਾਲ ਅਕਾਰ ਦਾ ਗ੍ਰੰਥ ਹੈ।

**ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ:**

ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਅਤੇ ਸੰਗੀਤ ਦੇ ਗਿਆਤਾ ਵੀ ਸਨ। ਗੁਰੂ ਜੀ ਦੀ ਮਹਾਨ ਬਾਣੀ ਵਿਚ ਸੰਗੀਤ ਪ੍ਰਤੀ ਉਹਨਾਂ ਦੀ ਸੂਖਮ ਸੂਝ ਦਾ ਗਿਆਨ ਮਿਲਦਾ ਹੈ। ਇਹਨਾਂ ਦੀਆਂ ਰਚਨਾਵਾਂ ਵਿਚ ਢੋਲ, ਮਿਰਦੰਗ, ਨਗਾਰੇ, ਸੰਖ, ਤਾਲ, ਗੀਤ, ਤਾਨ, ਤਰੰਗ ਆਦਿ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਮਿਲਦਾ ਹੈ। ਦਸਮ ਗ੍ਰੰਥ ਵਿਚ ਜਾਪੁ ਸਾਹਿਬ ਬਾਣੀ ਵਿਚ ਭੁਜੰਗ ਪ੍ਰਯਾਤ ਛੰਦ ਵਿਚ ਸੰਗੀਤ ਦੀ ਸ਼ਬਦਾਵਲੀ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਨੂੰ ਇੰਨੀ ਗਹਿਰਾਈ ਨਾਲ ਉਸ ਅਕਾਲ ਪੁਰਖ ਦੀ ਉਸਤਤੀ ਲਈ ਪਯੋਗ ਕੀਤਾ ਹੈ ਜਿਵੇਂ:

ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥47॥
ਨਮੋ ਨ੍ਰਿਤ ਨ੍ਰਿਤੇ॥ ਨਮੋ ਨਾਦ ਨਾਦੇ॥
ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥48॥

ਚੰਡੀ ਚਰਿਤਰ ਵਿਚ ਪ੍ਰਭੂ ਉਸਤਤੀ ਲਈ ਰਚਿਤ ਬਾਣੀ ਵਿਚ ਅਨੇਕ ਵਾਦਿਆਂ ਦਾ ਉਲੇਖ ਮਿਲਦਾ ਹੈ ਜਿਵੇਂ:

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੇ॥

ਸੰਗੀਤ ਵਾਦਿਆਂ ਦੇ ਭਿੰਨ-ਭਿੰਨ ਪ੍ਰਕਾਰਾਂ ਦੀ ਜਾਣਕਾਰੀ ਹੇਠ ਲਿਖੀਆਂ ਤੁਕਾਂ ਤੋਂ ਮਿਲਦੀ ਹੈ।

ਤਤ ਬਿਦ ਘਨ ਸੁਖ ਰਸ ਬਾਜੈ॥
ਸੁਨ ਮਨ ਰਾਗ ਗੁਨਿ ਗਾਨ ਲਾਜੈ॥

**ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ:**

ਦਸਮ ਗ੍ਰੰਥ ਦੇ ਅਧਿਐਨ ਤੋਂ ਬਾਅਦ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਸੰਗੀਤ ਦਾ ਇਕ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਰਾਗ, ਗੰਧਰਵ, ਤੰਤੀ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜੀ ਸੰਗੀਤਕ ਸੂਝ ਦੀ ਉਪਜ ਹਨ। ਇਹ ਹੀ ਨਹੀਂ ਪ੍ਰਚਲਿਤ ਗਾਇਨ ਸ਼ੈਲੀ ਧਮਾਰ ਸੰਬੰਧੀ ਉਲੇਖ ਵੀ ਦਸਮ ਗ੍ਰੰਥ ਵਿਚ ਮਿਲਦਾ ਹੈ। ਜਿਵੇਂ:

ਮਾਘ ਬਿਤਿਤ ਭਈ ਰੁਤ ਫਾਗੁਨ ਆਇ ਗਈ ਸਭ ਖੇਲਤ ਹੋਰੀ॥
ਖੇਲਤ ਸਿਯਾਮ ਧਮਾਰ ਅਨੂਪ ਮਹਾਸਿਨ ਸੁੰਦਰਿ ਸਾਂਵਲ ਗੋਰੀ॥

ਧਮਾਰ ਗਾਇਨ ਸ਼ੈਲੀ ਦੀ ਗਾਇਨ ਰੁੱਤ ਅਤੇ ਵਿਸ਼ਾ ਵਸਤੂ ਸੰਬੰਧੀ ਜਾਣਕਾਰੀ ਦਾ ਉੱਤਮ ਨਮੂਨਾ ਉਪਰੋਕਤ ਰਚਨਾ ਹੈ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ ਖੇਲਤ ਧਮਾਰ ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ ਧਮਾਰ ਅਤੇ ਉਸਦੇ ਵਿਸ਼ੇ ਵਸਤੂ ਨੂੰ ਅਤਿ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ। ਪ੍ਰੋ. ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਵਿਚ ਖਿਆਲ ਸ਼ਬਦ ਦਾ ਪ੍ਰਯੋਗ ਕਿਸੇ ਵੀ ਸ਼ੈਲੀ ਦੇ ਰੂਪ ਵਿਚ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਪਹਿਲੀ ਵਾਰ ਮਿਲਦਾ ਹੈ।

## ਸੰਗੀਤਕ ਛੰਦ:

ਗੁਰੂ ਜੀ ਦੀਆਂ ਰਚਨਾਵਾਂ ਵਿਚ ਛੰਦ ਉਹਨਾਂ ਦੀ ਸੰਗੀਤਕ ਸੂਝ ਦਾ ਉੱਤਮ ਨਮੂਨਾ ਹਨ। ਸੰਗੀਤਕ ਛੰਦ ਵਿਚ ਮ੍ਰਿਦੰਗ ਦੇ ਭਿੰਨ-ਭਿੰਨ ਬੋਲਾਂ ਦੇ ਆਧਾਰ ਤੇ ਕਾਵਿ ਰਚਨਾ ਕੀਤੀ ਗਈ ਹੈ। ਇਹਨਾਂ ਵਿਚੋਂ ਸੱਤ ਪ੍ਰਕਾਰ ਇਸ ਤਰ੍ਹਾਂ ਹਨ:

1. ਸੰਗੀਤਕ ਛਪਯ
2. ਸੰਗੀਤ ਨਾਰਾਜ
3. ਸੰਗੀਤ ਪਧਿਸਟਕਾ
4. ਸੰਗੀਤ ਪਾਦੜੀ
5. ਸੰਗੀਤ ਬਹੁੜਾ
6. ਸੰਗੀਤ ਭੁਜੰਗ ਪ੍ਰਯਾਤ
7. ਸੰਗੀਤ ਮਧੂਭਾਰ

## ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ:

ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਕਾਫੀ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ।

## ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ:

ਗੁਰੂ ਜੀ ਦੁਆਰਾ ਗੁਰਮਤਿ ਸੰਗੀਤ ਚਲੀਆਂ ਆ ਰਹੀਆਂ ਪਰੰਪਰਾ ਨੂੰ ਕਾਇਮ ਰੱਖਿਆ ਜਾ ਰਿਹਾ ਸੀ। ਇਨ੍ਹਾਂ ਵਿਚ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ

ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ਸੋਦਰ ਦੀ ਚੌਕੀ ਦਾ ਕੀਰਤਨ ਹੁੰਦਾ ਸੀ। ਇਥੋਂ ਤੱਕ ਕਿ ਜੰਗਾਂ ਜੁੱਧਾਂ ਦੇ ਦਿਨਾਂ ਵਿਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ।

**ਵਾਰ ਗਾਇਨ ਪਰੰਪਰਾ ਨੂੰ ਕਾਇਮ ਰੱਖਣਾ:**

ਗੁਰੂ ਜੀ ਜਿਥੇ ਜੰਗਾਂ-ਜੁੱਧਾਂ ਵਿਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਉਂਦੇ ਸਨ ਉਥੇ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਵੀ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਗੋਬਿੰਦ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

**ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਤਾਲ ਦੀ ਪਰਿਪੱਕਤਾ:**

ਗੁਰੂ ਜੀ ਦੀ ਬਾਣੀ ਵਿਚ ਰਵਾਨਗੀ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ। ਜਿਵੇਂ:

ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥

ਸਵੈਯਾ - ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ॥

**ਦਸਮ ਗ੍ਰੰਥ ਵਿਚ ਸੰਗੀਤਕ ਵਿਚ ਸ਼ਬਦਾਵਲੀ ਦਾ ਪ੍ਰਯੋਗ:**

ਗੁਰੂ ਜੀ ਨੇ ਜਾਪੁ ਸਾਹਿਬ ਵਿਚ ਸੰਗੀਤ ਦੀ ਸ਼ਬਦਾਵਲੀ ਜਿਵੇਂ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਆਦਿ ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪ੍ਰੱਭੂ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ। ਇਸ ਤੋਂ ਬਿਨ੍ਹਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਬੜੇ ਸੁੰਦਰ ਢੰਗ ਨਾਲ ਕੀਤੀ ਹੈ।

**ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਦਾ ਪ੍ਰਯੋਗ:**
ਦਸਮ ਗ੍ਰੰਥ ਦੀਆਂ ਰਚਨਾਵਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਤੇ ਸੰਗੀਤਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿਚ ਸਧਾਰਨ ਪੱਧਰ ਦੇ ਮਨੁੱਖ ਨੂੰ ਆਤਮਿਕ, ਸਰੀਰਕ, ਸਮਾਜਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਸਨ। ਆਪ ਜੀ ਨੇ ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਵਿਚ ਬਾਣੀ ਨੂੰ ਰਚਿਆ ਹੈ ਜਿਨ੍ਹਾਂ ਦੀ ਕੁੱਲ ਗਿਣਤੀ 150 ਦੇ ਨਜ਼ਦੀਕ ਹੈ।

ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ। ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ਼੍ਰੇਸ਼ਠਤਮ ਸਾਹਿਤ ਹੈ। ਇਸ ਦੀ ਸੰਗੀਤਕ ਤੌਰ ਤੇ ਵਿਸ਼ੇਸ਼ ਮਹਾਨਤਾ ਹੈ।

**ਗੁਰੂ ਜੀ ਦੀਆਂ ਬਾਣੀਆਂ ਵਿਚ ਪਰਿਭਾਸ਼ਕ ਸ਼ਬਦ:**
ਦਸਮ ਗ੍ਰੰਥ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਤੰਤੀ, ਤਾਨ, ਤਰੰਗ, ਤਾਲ, ਗੀਤ ਆਦਿ ਗੂੜੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ' ਨੂੰ ਕਾਇਮ ਰੱਖਣਾ ਹੀ ਨਹੀਂ ਦਰਸਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜ਼ੋਰਾਂ ਤੇ ਸੀ। ਇਸ ਤੋਂ ਬਿਨ੍ਹਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮ੍ਰਿਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ

ਵਰਤੋਂ ਕੀਤੀ ਜਾਂਦੀ ਸੀ। ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪ੍ਰੰਤੂ ਆਪ ਜੀ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧੇ ਅਤੇ ਸੂਰਬੀਰ ਸਨ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ। ਉਨ੍ਹਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ, ਕੀਰਤਨ ਕੇਂਦਰਾਂ ਅਤੇ ਸਾਜ਼ਾਂ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ ਹੀ ਭਾਰਤੀ ਸੰਗੀਤ ਨੂੰ ਵਿਕਸਿਤ ਕਰਨ ਵਿਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

ਸਹਾਇਕ ਪ੍ਰੋ. ਸੰਗੀਤ
ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ, ਗੁਰਦਾਸਪੁਰ
ਫੋਨ: 9464265464

## ਸਿੰਧੀ ਭਾਈਚਾਰੇ ਬਾਰੇ ਇਕ ਨਜ਼ਰੀਆ ਇਹ ਵੀ!

# ਭੁੱਲੇ-ਵਿਸਰੇ ਨਾਨਕਪੰਥੀ ਸਿੰਧੀਆਂ ਵਾਸਤੇ ਸਿੱਖ ਪੰਥ ਕੀ ਕਰੇ?

ਚਮਕੌਰ ਸਿੰਘ ਡਾ.

ਪਿਛਲੇ ਦਿਨੀਂ ਮੱਧਪ੍ਰਦੇਸ਼ ਵਿਚ ਜਬਲਪੁਰ ਨੇੜੇ ਸ਼ਹਿਡੋਲ ਸ਼ਹਿਰ ਵਿਚ ਸਿੰਧੀ ਭਾਈਚਾਰੇ ਦੀ ਇਕ ਤੇਰ੍ਹਾਂ ਸਾਲ ਦੀ ਨਾਬਾਲਗ ਬੱਚੀ ਵਲੋਂ ਅਗਿਆਨਤਾ ਵੱਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੇਸ ਧਾਰਨ ਕਰਨ ਵਾਲੀ ਘਟਨਾ ਜਿਸ ਤਰੀਕੇ ਨਾਲ ਸੋਸ਼ਲਮੀਡੀਆ ਤੇ ਵਾਇਰਲ ਹੋਈ, ਉਸ ਨੇ ਹਰ ਇਕ ਸਿੱਖ ਦੇ ਹਿਰਦੇ ਨੂੰ ਝੰਜੋੜ ਕੇ ਰਖ ਦਿਤਾ। ਅਜਿਹੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ? ਅਜਿਹੇ ਕਿਸੇ ਵਰਤਾਰੇ ਬਾਰੇ ਸਤਹੀ ਪੱਧਰ ਦਾ ਪ੍ਰਤੀਕਰਮ ਦੇ ਦੇਣਾ ਬਹੁਤ ਸੌਖਾ ਹੁੰਦਾ ਹੈ ਪਰੰਤੂ ਉਸ ਦੇ ਨਤੀਜੇ ਕਿੰਨੇ ਗੰਭੀਰ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੈ। ਹਰ ਮਸਲੇ ਦੀ ਕੋਈ ਇਕ ਪਰਤ ਜਾਂ ਕੋਈ ਇਕ ਪਾਸਾਰ ਨਹੀਂ ਹੁੰਦਾ। ਸਿਆਣੀਆਂ ਕੌਮਾਂ ਅਤੇ ਉਨ੍ਹਾਂ ਦੇ ਆਗੂ, ਅਜਿਹੇ ਮਸਲਿਆਂ ਨੂੰ ਗੰਭੀਰਤਾ ਨਾਲ ਘੋਖ-ਵਿਚਾਰ ਕੇ ਆਪਣਾ ਪ੍ਰਤੀਕਰਮ ਹੀ ਨਹੀਂ ਦਿੰਦੇ ਬਲਕਿ ਉਨ੍ਹਾਂ ਦੇ ਹੱਲ ਬਾਰੇ ਦੂਰਅੰਦੇਸ਼ ਵਿਉਂਤਬੰਦੀ ਕਰਕੇ ਉਸ ਨੂੰ ਅਮਲੀ ਜਾਮਾ ਵੀ ਪਹਿਨਾਉਂਦੇ ਹਨ।

ਅਸੀਂ ਪੰਜਾਬੀ, ਸਿੰਧੀ ਭਾਈਚਾਰੇ ਬਾਰੇ ਬਿਲਕੁਲ ਵੀ ਨਹੀਂ ਜਾਣਦੇ ਜਾਂ ਬਹੁਤ ਘੱਟ ਜਾਣਦੇ ਹਾਂ; ਇਹ ਸਾਨੂੰ ਮੰਨ ਲੈਣਾ ਚਾਹੀਦਾ ਹੈ। ਨਾਨਕਪੰਥੀ ਸੰਗਤਾਂ, ਜਿਨ੍ਹਾਂ ਵਿਚ ਕੇਵਲ ਸਿੰਧੀ ਹੀ ਸ਼ਾਮਲ ਨਹੀਂ ਬਲਕਿ ਇਨ੍ਹਾਂ ਤੋਂ ਇਲਾਵਾ ਸਿਕਲੀਗਰ, ਵਣਜਾਰੇ, ਸਤਨਾਮੀਏ, ਲਾਮੇ ਅਤੇ ਹੋਰ ਬਹੁਤ ਸਾਰੇ ਕਬੀਲੇ ਸ਼ਾਮਲ ਹਨ। ਇਨ੍ਹਾਂ ਨਾਨਕਪੰਥੀ ਸੰਗਤਾਂ ਵਿਚ ਵਰਤਣ ਵਾਲੇ ਵਰਤਾਰੇ, ਪੰਜਾਬ ਅਤੇ ਵਿਸ਼ਵ ਦੇ ਵੱਖ ਵੱਖ ਦੇਸਾਂ ਵਿਚ ਵੱਸ ਰਹੇ ਮੁੱਖਧਾਰਾ ਦੇ ਸਿੱਖਾਂ ਨਾਲੋਂ ਬਹੁਤ ਸਾਰੇ ਮਾਮਲਿਆਂ ਵਿਚ ਵਿਲੱਖਣ ਹਨ। ਸਿੰਧੀ ਨਾਨਕਪੰਥੀ ਭਾਈਚਾਰਾ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ

ਤੋਂ ਹੀ ਸਿੱਖੀ ਨਾਲ ਜੁੜਿਆ ਆ ਰਿਹਾ ਹੈ। ਦਸ ਗੁਰੂ ਸਾਹਿਬਾਨ, ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਤਕ ਸਿੰਧ ਅਤੇ ਪੰਜਾਬ ਦੇ ਲੋਕਾਂ ਵਿਚਕਾਰ ਬਹੁਤ ਹੀ ਗੂੜ੍ਹਾ ਰਿਸ਼ਤਾ ਰਿਹਾ ਹੈ; ਜਿਸ ਬਾਰੇ ਸਾਡਾ ਬਹੁਤਾ ਸਿੱਖ ਇਤਿਹਾਸ ਜਾਂ ਤਾਂ ਖਾਮੋਸ਼ ਹੈ ਜਾਂ ਕਿਤੇ ਕਿਤੇ ਇਸ਼ਾਰੇ-ਮਾਤਰ ਖਿੰਡੇ ਪੁੰਡੇ ਜ਼ਿਕਰ ਵਾਲੇ ਸਰੋਤ, ਸੰਤੋਸ਼ਜਨਕ ਜਾਣਕਾਰੀ ਮੁਹਈਆ ਨਹੀਂ ਕਰਵਾਉਂਦੇ। ਗੁਰੂ ਕਾਲ ਦੌਰਾਨ ਉਦਾਸੀ, ਨਿਰਮਲੇ, ਸੇਵਾਪੰਥੀ, ਸਿੱਖ ਸੰਪਰਦਾਵਾਂ/ਟਕਸਾਲਾਂ ਸਮੇਤ ਅਨੇਕ ਪੰਥਕ ਧਿਰਾਂ, ਸਿੰਧ ਵਿਚ ਵੱਖ ਵੱਖ ਅਸਥਾਨਾਂ ਜਿਵੇਂ ਸੱਖਰ, ਭੱਖਰ, ਸ਼ਿਕਾਰਪੁਰ, ਹੈਦਰਾਬਾਦ, ਠੱਟਾ, ਕਰਾਚੀ ਆਦਿ ਥਾਵਾਂ ਉਤੇ ਸਿੰਧੀ ਨਾਨਕਪੰਥੀਆਂ ਵਿਚ ਸਿੱਖੀ ਦੀ ਖਸ਼ਬੂ ਫੈਲਾਉਂਦੇ ਰਹੇ। ਅੰਗਰੇਜ਼ੀ ਬਸਤੀਵਾਦ ਦੌਰਾਨ ਸਿੰਘ ਸਭਾ ਲਹਿਰ ਵੇਲੇ ਚੀਫ ਖਾਲਸਾ ਦੀਵਾਨ, ਭਾਈ ਵੀਰ ਸਿੰਘ ਜੀ, ਸੰਤ ਬਾਬਾ ਥਾਹਰਿਆ ਸਿੰਘ ਜੀ, ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ, ਸੰਤ ਗੁਰਮੁਖ ਸਿੰਘ ਜੀ ਪਟਿਆਲਾ, ਬਾਬਾ ਬੁੱਢਾ ਸਿੰਘ ਜੀ ਨਿਰਮਲੇ ਅਤੇ ਅਨੇਕਾਂ ਉਦਾਸੀ ਮਹਾਂਪੁਰਖਾਂ ਵਲੋਂ ਸਿੰਧੀ ਸੰਗਤਾਂ ਵਿਚ ਵਿਚਰਦੇ ਹੋਏ ਸਿੱਖੀ ਦਾ ਪ੍ਰਸਾਰ ਵੱਡੀ ਪੱਧਰ ’ਤੇ ਹੋਇਆ।

ਇਹ ਤੱਥ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਯੋਗ ਹੈ ਕਿ ੧੯੪੭ ਦੇ ਬਟਵਾਰੇ ਅਤੇ ਉਜਾੜੇ ਨੇ ਪੰਜਾਬੀਆਂ ਅਤੇ ਸਿੰਧੀਆਂ ਵਿਚਕਾਰ ਭੂਗੋਲਿਕ, ਸਭਿਆਚਾਰਕ ਅਤੇ ਧਾਰਮਿਕ ਪਖੋਂ ਬਹੁਤ ਵੱਡੀਆਂ ਦੂਰੀਆਂ ਸਿਰਜ ਦਿਤੀਆਂ। ਇਹ ਇਕ ਵੱਡੀ ਵਜ੍ਹਾ ਬਣੀ ਕਿ ਸਿੰਧੀ ਭਾਈਚਾਰਾ, ਸਿੱਖੀ ਦੇ ਰਵਾਇਤੀ ਧਰਮ-ਕੇਂਦਰਾਂ ਅਤੇ ਮਾਨਤਾਵਾਂ ਤੋਂ ਦੂਰ ਰਹਿ ਗਿਆ। ਸੰਤਾਲੀ ਦੇ ਬਟਵਾਰੇ ਅਤੇ ਉਜਾੜੇ ਤੋਂ ਬਾਅਦ ਵੱਡੀਆਂ ਪੰਥਕ ਸੰਸਥਾਵਾਂ ਨੇ ਸਿੰਧੀ ਨਾਨਕਪੰਥੀਆਂ ਦੀ ਸਾਰ ਵੀ ਨਹੀਂ ਲਈ, ਜਿਸ ਕਰਕੇ ਇਨ੍ਹਾਂ ਵਿਚੋਂ ਕਾਫੀ ਗਿਣਤੀ ਦਾ ਝੁਕਾਅ ਹੌਲੀ ਹੌਲੀ ਸਨਾਤਨੀ ਪਰੰਪਰਾ ਵੱਲ ਵਧਣ ਲੱਗਾ। ਖਾਸ ਕਰਕੇ ਪਿਛਲੇ ਸੱਤ-ਅੱਠ ਦਹਾਕਿਆਂ ਤੋਂ ਪੈ ਰਹੀਆਂ ਦਰਾੜਾਂ ਨੇ ਦੋਵੇਂ ਸਮਾਜਾਂ ਦੀ ਸਾਂਝ ਨੂੰ ਵੱਡੀ ਪੱਧਰ ’ਤੇ ਪ੍ਰਭਾਵਤ ਕੀਤਾ ਹੈ। ਮਰਹੂਮ ਜਥੇਦਾਰ ਗਿਆਨੀ ਫੌਜਾ ਸਿੰਘ ਜੀ ਤੋਂ ਬਾਅਦ ਸਰਦਾਰ ਸੁਖਦੇਵ ਸਿੰਘ ਜੀ

ਲਾਜ ਵਰਗੀਆਂ ਪੰਥਪ੍ਰਸਤ ਸ਼ਖ਼ਸੀਅਤਾਂ ਅਤੇ ਕੁਝ ਸੰਸਥਾਵਾਂ ਦੇ ਉਪਰਾਲੇ ਨਾਲ ਪਿਛਲੇ ਦੋ ਕੁ ਦਹਾਕਿਆਂ ਤੋਂ ਨਾਨਕਪੰਥੀਆਂ ਬਾਰੇ ਸਿੱਖ ਪੰਥ ਵਿਚ ਕੁਝ ਚੇਤਨਾ ਵਧ ਰਹੀ ਹੈ। ਸਿਕਲੀਗਰਾਂ ਅਤੇ ਵਣਜਾਰਿਆਂ ਦੀਆਂ ਬਸਤੀਆਂ ਵਿਚ ਸਥਾਨਕ ਪੱਧਰਾਂ ਉਪਰ ਕਈ ਥਾਵਾਂ ਉਤੇ ਕੁਝ ਸੇਵਾ ਕਾਰਜ ਸ਼ੁਰੂ ਹੋਏ ਹਨ, ਜਿਨ੍ਹਾਂ ਦੀ ਪੁਰਜ਼ੋਰ ਸਰਾਹਣਾ ਕਰਨੀ ਬਣਦੀ ਹੈ, ਪਰੰਤੂ ਇਸ ਦੇ ਬਾਵਜੂਦ ਅਜੇ ਬਹੁਤ ਕੁਝ ਕਰਨਾ ਲੋੜੀਂਦਾ ਹੈ।

ਸ਼ਹਿਡੋਲ ਵਿਚ ਵਾਪਰੀ ਉਪਰੋਕਤ ਘਟਨਾ ਤੋਂ ਬਾਅਦ ਜੋ ਕੁਝ ਵੀ ਹੋ ਰਿਹਾ ਹੈ, ਉਹ ਬਹੁਤ ਵੱਡੇ ਪ੍ਰਸ਼ਨਾਂ ਦੇ ਘੇਰੇ ਵਿਚ ਹੈ। ਬਿਨਾਂ ਸ਼ੱਕ ਇਹ ਘਟਨਾ ਸਿੱਖੀ ਮਾਨਤਾਵਾਂ ਦੇ ਵਿਰੁੱਧ ਹੈ, ਜਿਸ ਬਾਰੇ ਬਹੁਤ ਸੁਚੇਤਤਾ ਅਤੇ ਸਤਰਕਤਾ ਦੀ ਲੋੜ ਹੈ। ਪਰੰਤੂ ਇਹ ਬਿਲਕੁਲ ਵੀ ਠੀਕ ਨਹੀਂ ਕਿ ਸਿੰਧੀ ਭਾਈਚਾਰੇ ਨੂੰ ਜ਼ਿੰਮੇਵਾਰ ਠਹਿਰਾ ਕੇ ਸਿੱਖ ਪੰਥ ਦੇ ਬਾਕੀ ਹਿਸੇ ਜਾਂ ਧਿਰਾਂ ਆਪਣੇ ਆਪ ਨੂੰ ਸੁਰਖਰੂ ਸਮਝ ਲੈਣ। ਅਗਿਆਨਤਾ ਦੇ ਚਲਦਿਆਂ ਸਿੰਧੀ ਭਾਈਚਾਰੇ ਦੇ ਕਿਸੇ ਮੈਂਬਰ ਵਲੋਂ ਅਗਰ ਅਣਜਾਣੇ ਵਿਚ ਗਲਤੀ ਹੋ ਗਈ ਹੈ ਤਾਂ ਉਸ ਤੋਂ ਸੰਬੰਧਤ ਭਾਈਚਾਰੇ ਦੀ ਗਿਆਨਹੀਣਤਾ ਸਪਸ਼ਟ ਝਲਕਦੀ ਹੈ, ਪਰੰਤੂ ਉਸ ਤੋਂ ਬਾਅਦ ਪ੍ਰਤੀਕਰਮ ਵਜੋਂ ਜੋ ਕੁਝ ਵੀ ਹੋਇਆ ਜਾਂ ਹੋ ਰਿਹਾ ਹੈ, ਉਹ ਸਾਡੇ ਮਹਾਂ-ਅਗਿਆਨੀ ਹੋਣ ਦਾ ਸਬੂਤ ਬਣ ਰਿਹਾ ਹੈ। ਹਰ ਕੋਈ ਜਣਾ-ਖਣਾ ਆਪਣੇ ਆਪ ਨੂੰ ਸੰਵੇਦਨਸ਼ੀਲ ਮਸਲਿਆਂ ਨੂੰ ਨਜਿਠਣ ਅਤੇ ਬਿਆਨਬਾਜ਼ੀ ਕਰਨ ਦਾ ਅਧਿਕਾਰੀ ਸਮਝ ਰਿਹਾ ਹੈ, ਜੋ ਕਿ ਬਹੁਤ ਖਤਰਨਾਕ ਰੁਝਾਨ ਹੈ। ਸੋਸ਼ਲਮੀਡੀਆ ਦੇ ਅਜੋਕੇ ਭੰਬਲਭੂਸੇ ਵਾਲੇ ਜ਼ਮਾਨੇ ਵਿਚ ਜਦੋਂ ਕੋਈ ਰੋਕਣ-ਟੋਕਣ ਵਾਲਾ ਕੁੰਡਾ ਨਾ ਹੋਵੇ; ਸਹੀ ਮਾਰਗ-ਦਰਸ਼ਨ ਕਰਨ ਵਾਲਾ ਨਾ ਲੱਭੇ ਤਾਂ ਅਜਿਹੇ ਪ੍ਰਤੀਕਰਮਾਂ ਸਦਕਾ ਹੋਣ ਵਾਲੇ ਵੱਡੇ ਕੌਮੀ ਨੁਕਸਾਨਾਂ ਅਤੇ ਦੁਰਦਸ਼ਾ ਨੂੰ ਰੋਕਿਆ ਨਹੀਂ ਜਾ ਸਕਦਾ।

ਸੋ ਸਿੱਖ ਪੰਥ ਦੇ ਵਾਰਸੋ! ਜਾਗੋ! ਜਾਗਣ ਦਾ ਵੇਲਾ ਹੈ। ਵਰਤ ਰਹੇ ਵਰਤਾਰਿਆਂ ਨੂੰ ਠੱਲ੍ਹ ਨਾ ਪਈ ਤਾਂ ਏਡੇ ਵੱਡੇ ਨੁਕਸਾਨਾਂ ਦੇ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਚੁੱਕੀਆਂ ਹਨ ਕਿ ਆਉਣ ਵਾਲੀਆਂ ਨਸਲਾਂ ਸਾਨੂੰ ਮਾਫ਼ ਨਹੀਂ ਕਰਨਗੀਆਂ। ਅਜੋਕੇ ਹਾਲਾਤਾਂ ਦੇ ਮੱਦੇਨਜ਼ਰ ਇਹ ਕਹਿਣਾ

ਗਲਤ ਨਹੀਂ ਕਿ ਬਹੁਤ ਵੱਡੇ ਨੁਕਸਾਨ ਕਰਵਾ ਕੇ ਜਦੋਂ ਤਕ ਸਾਨੂੰ ਥੋੜ੍ਹੀ ਬਹੁਤ ਸੁਰਤ ਆਉਂਦੀ ਹੈ, ਉਦੋਂ ਤਕ ਵੇਲਾ ਵਿਹਾਅ ਚੁੱਕਿਆ ਹੁੰਦਾ ਹੈ। ਵਿਚਾਰ-ਅਧੀਨ ਮਾੜੀਆਂ ਘਟਨਾਵਾਂ ਦੇ ਮੱਦੇਨਜ਼ਰ ਸਪਸ਼ਟ ਹੁੰਦਾ ਹੈ ਕਿ ਪਿਛਲੇ ਸਾਲ ਦੇ ਸ਼ੁਰੂ ਵਿਚ ਵਾਪਰੀ ਇੰਦੌਰ ਘਟਨਾ ਤੋਂ ਅਸੀਂ ਕੁਝ ਵੀ ਨਹੀਂ ਸਿੱਖ ਸਕੇ। ਪੜਤਾਲਾਂ ਲਈ ਕਮੇਟੀਆਂ ਬਣਦੀਆਂ ਹਨ ਪਰ ਉਨ੍ਹਾਂ ਦੀਆਂ ਸਿਫਾਰਸ਼ਾਂ ਉਪਰ ਅਮਲ ਕਦੇ ਨਹੀਂ ਹੁੰਦਾ। ਵਿਚਾਰਵਾਨਾਂ ਦੀਆਂ ਰਾਵਾਂ-ਸੁਝਾਵਾਂ ਉਤੇ ਬਿਲਕੁਲ ਵੀ ਕੰਨ ਨਹੀਂ ਧਰਿਆ ਜਾਂਦਾ ਬਲਕਿ ਰੱਜ ਕੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਸ ਲਈ ਪੰਥ ਦੀਆਂ ਸੁਹਿਰਦ ਧਿਰਾਂ ਅਤੇ ਸ਼ਖ਼ਸੀਅਤਾਂ ਨੂੰ ਬਿਨਾਂ ਦੇਰੀ ਆਤਮ-ਮੰਥਨ ਦੀ ਪ੍ਰਕਿਰਿਆ ਵਿਚ ਪੈ ਕੇ ਠੋਸ ਅਤੇ ਦੂਰਅੰਦੇਸ਼ ਵਿਉਂਤਬੰਦੀ ਕਰਨਾ ਸਮੇਂ ਦੀ ਲੋੜ ਬਣ ਚੁੱਕਾ ਹੈ।

## ਕੀ ਕੀਤਾ ਜਾਵੇ?

੧. ਸਿੰਧੀ ਭਾਈਚਾਰੇ ਸਮੇਤ ਨਾਨਕਪੰਥੀ ਸੰਗਤਾਂ ਅਤੇ ਕਬੀਲਿਆਂ ਵਿਚ ਜਿਥੇ ਜਿਥੇ ਵੀ ਕਦੀ ਸਿੱਖੀ ਦੀ ਖਸ਼ਬੂ ਮਹਿਕਦੀ ਸੀ, ਉਨ੍ਹਾਂ ਨੂੰ ਸਿੱਖ ਪੰਥ ਦੀ ਮੁੱਖਧਾਰਾ ਨਾਲ ਜੋੜਨ ਲਈ ਵੱਡੇ ਉਪਰਾਲਿਆਂ ਦੀ ਲੋੜ ਹੈ। ਇਨ੍ਹਾਂ ਵਰਗਾਂ ਦੇ ਇਤਿਹਾਸ ਅਤੇ ਪਰੰਪਰਾਵਾਂ ਨੂੰ ਘੋਖਣ ਉਪਰੰਤ ਗੰਭੀਰ ਨਜ਼ਰਸਾਨੀ ਕਰਦਿਆਂ ਮੁੱਖਧਾਰਾ ਦੇ ਸਿੱਖਾਂ ਤੋਂ ਬਿਲਕੁਲ ਵੱਖਰੀ ਅਤੇ ਨਿਵੇਕਲੀ ਵਿਉਂਤਬੰਦੀ ਕੀਤੀ ਜਾਵੇ।

੨. ਸੰਬੰਧਤ ਧਿਰਾਂ, ਅਰਥਾਤ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਸਿੱਖ ਵਿਚਾਰਵਾਨਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਨਾਨਕਪੰਥੀ ਸ਼ਖ਼ਸੀਅਤਾਂ (ਜਿਵੇਂ ਉਦਾਸੀਆਂ, ਨਿਰਮਲਿਆਂ, ਸੇਵਾਪੰਥੀਆਂ, ਸਿੰਧੀਆਂ, ਸਿਕਲੀਗਰਾਂ, ਵਣਜਾਰਿਆਂ ਆਦਿ) ਦੀ ਇਕ ਸਾਂਝੀ ਪੰਥਕ ਪੱਧਰੀ ਤਾਲਮੇਲ/ਸਲਾਹਕਾਰ ਕਮੇਟੀ ਬਣੇ ਜੋ ਕਿਸੇ ਵੀ ਮਸਲੇ/ਸਮੱਸਿਆ ਬਾਰੇ ਆਪਣੀ ਵਡਮੁੱਲੀ ਰਾਏ ਦੇ ਕੇ ਲੋੜੀਂਦਾ ਅਮਲ ਕਰਵਾਉਣ ਨਾਲ ਅਧਿਕਾਰਤ ਹੋਵੇ। ਇਹ ਕਮੇਟੀ ਸੰਬੰਧਤ ਭਾਈਚਾਰਿਆਂ ਵਿਚ ਲਗਾਤਾਰ ਨਿਗਰਾਨੀ ਵੀ ਰਖੇ ਅਤੇ ਉਨ੍ਹਾਂ ਦੇ ਨਿਰੰਤਰ ਸੰਪਰਕ ਵਿਚ ਰਹੇ।

੩.ਪੰਜਾਬ ਤੋਂ ਬਾਹਰ ਭਾਰਤ ਦੇ ਵਖ ਵਖ ਰਾਜਾਂ ਵਿਚ ਕਰੋੜਾਂ ਦੀ ਗਿਣਤੀ ਵਿਚ ਵਸ ਰਹੇ ਇਨ੍ਹਾਂ ਨਾਨਕਪੰਥੀਆਂ ਦੇ ਵਸੇਬਿਆਂ/ਬਸਤੀਆਂ ਵਿਚ ਸਥਾਨਕ ਪੱਧਰ ਉਤੇ ਹਫਤਾਵਾਰੀ/ਮਹੀਨਾਵਾਰ ਛੋਟੇ ਛੋਟੇ ਧਾਰਮਿਕ/ਸੰਗਤੀ ਸਮਾਗਮ ਕੀਤੇ ਜਾਣ, ਜਿਨ੍ਹਾਂ ਵਿਚ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੀ ਹੋਵੇ; ਹੋਰ ਕੋਈ ਵੀ ਸਟੇਜੀ ਪ੍ਰਚਾਰ ਵਰਗੀ ਗਤੀਵਿਧੀ ਨਾ ਹੋਵੇ। ਥਾਂ ਥਾਂ ਗੁਰਮੁਖੀ ਸਕੂਲ ਖੋਲ੍ਹ ਕੇ ਗੁਰਮੁਖੀ ਸਿੱਖਣ-ਸਿਖਾਉਣ ਦੀ ਬਾਕਾਇਦਾ ਵਿਵਸਥਾ ਹੋਵੇ।

੪.ਨਾਨਕਪੰਥੀ ਕਬੀਲਿਆਂ ਦੇ ਬੱਚਿਆਂ ਨੂੰ ਵਿਦਿਅਕ ਅਤੇ ਰੋਜ਼ਗਾਰ ਪਖੋਂ ਸਵੈ-ਨਿਰਭਰ/ਸਮਰਥ ਬਣਾਉਣ ਲਈ ਲੰਬਾ ਸਬਰ ਰੱਖ ਕੇ ਵਿਉਂਤਬੱਧ ਤਰੀਕੇ ਨਾਲ ਵਿਹਾਰਕ ਕਾਰਜਾਂ ਨੂੰ ਵੱਡੀ ਪੱਧਰ ਉਪਰ ਅਮਲ ਵਿਚ ਲਿਆਂਦਾ ਜਾਵੇ।

੫.ਨਾਨਕਪੰਥੀ ਸੰਗਤਾਂ ਦੀ ਲੋੜ ਅਨੁਸਾਰ ਉਨ੍ਹਾਂ ਦੀ ਬੋਲੀ ਅਤੇ ਉਨ੍ਹਾਂ ਦੇ ਮੁਹਾਵਰੇ ਵਿਚ ਕੁਝ ਜ਼ਰੂਰੀ ਸਿੱਖ-ਸਾਹਿਤ, (ਵਖ ਵਖ ਭਾਸ਼ਾਵਾਂ ਵਿਚ) ਛੋਟੇ ਛੋਟੇ ਟ੍ਰੈਕਟਾਂ ਦੇ ਰੂਪ ਵਿਚ ਛਪਵਾ ਕੇ ਵੰਡਿਆ ਜਾਵੇ।

੬.ਉਪਰੋਕਤ ਕਾਰਜਾਂ ਨੂੰ ਕਰਨ ਲਈ ਕਿਸੇ ਇਕ ਧਿਰ ਜਾਂ ਸੰਸਥਾ ਦੀ ਜ਼ਿੰਮੇਵਾਰੀ ਨਾ ਸਮਝੀ ਜਾਵੇ ਬਲਕਿ ਸਾਰੀਆਂ ਪੰਥਕ ਜਥੇਬੰਦੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਰਲ-ਮਿਲ ਕੇ ਤਾਲਮੇਲ ਨਾਲ ਕੰਮ ਕਰਨ। ਹਰ ਸਾਲ ਘੱਟੋ ਘੱਟ ਇਕ ਵਾਰ ਪੰਜਾਬ ਜਾਂ ਪੰਜਾਬ ਤੋਂ ਬਾਹਰ ਦੇ ਕਿਸੇ ਵੀ ਤਖਤ ਸਾਹਿਬ ਉਤੇ ਨਾਨਕਪੰਥੀ ਸੰਗਤਾਂ ਦਾ ਵੱਡਾ ਕੇਂਦਰੀ ਸਮਾਗਮ ਲਾਜ਼ਮੀ ਸ਼ੁਰੂ ਕੀਤਾ ਜਾਵੇ।

੭.ਇਸ ਕਾਰਜ ਵਿਚ ਪੰਥ ਦੀਆਂ ਰਵਾਇਤੀ ਸੰਪਰਦਾਵਾਂ ਜਿਵੇਂ ਉਦਾਸੀ, ਨਿਰਮਲੇ ਅਤੇ ਸੇਵਾਪੰਥੀ ਸੰਸਥਾਵਾਂ ਨੂੰ ਉਚੇਚ ਨਾਲ ਸ਼ਾਮਲ ਕੀਤਾ ਜਾਵੇ ਕਿਉਂਕਿ ਮੁੱਖਧਾਰਾ ਤੋਂ ਦੂਰ ਰਹਿ ਰਹੇ ਸਹਿਜਧਾਰੀ ਸਿੱਖਾਂ ਵਿਚ ਕੰਮ ਕਰਨ ਦੇ ਮਾਮਲੇ ਵਿਚ ਇਨ੍ਹਾਂ ਦਾ ਹੋਰਨਾਂ ਨਾਲੋਂ ਵਧੇਰੇ ਤਜਰਬਾ ਰਿਹਾ ਹੈ।

ਇਨ੍ਹਾਂ ਉਪਰੋਕਤ ਕਾਰਜਾਂ ਨੂੰ ਪੂਰੀ ਸ਼ਿੱਦਤ ਅਤੇ ਲਗਾਤਾਰਤਾ ਨਾਲ ਨਿਭਾਇਆ ਜਾਵੇ। ਦਿਲ ਦੀ ਗਹਿਰਾਈ 'ਚੋਂ ਉਠੀ ਇਹ ਦਰਦ-ਭਰੀ ਵੇਦਨਾ, ਸਿੱਖ ਪੰਥ ਦੇ ਆਗੂਆਂ ਅਤੇ ਸੰਸਥਾਵਾਂ ਅੱਗੇ ਜੋਦੜੀ ਰੂਪ ਵਿਚ ਰਖੀ ਜਾ ਰਹੀ ਹੈ। ਉਮੀਦ ਹੈ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਗੰਭੀਰਤਾ ਅਤੇ ਸੰਜੀਦਗੀ ਨਾਲ ਲਿਆ ਜਾਵੇਗਾ। ਇਸ ਵੱਡੀ ਉਮੀਦ ਨਾਲ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸਭ ਨੂੰ ਇਸ ਧਰਮ-ਯੱਗ ਵਿਚ ਤਿਲ-ਫੁੱਲ ਹਿਸਾ ਪਾਉਣ ਦੀ ਸ਼ਕਤੀ ਅਤੇ ਸਮਰਥਾ ਬਖਸ਼ੇ!

ਡਾਇਰੈਕਟਰ,
ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ,
ਬਹਾਦਰਗੜ੍ਹ (ਪਟਿਆਲਾ) [੧੪੭੦੨੧]

# ਡਾ. ਜਸਬੀਰ ਸਿੰਘ ਸਾਬਰ ਨੂੰ ਚੇਤੇ ਕਰਦਿਆਂ

ਡਾ. ਪਰਮਵੀਰ ਸਿੰਘ

ਡਾ. ਜਸਬੀਰ ਸਿੰਘ ਸਾਬਰ ਸਿੱਖ ਧਰਮ ਦੇ ਵਿਦਵਾਨ, ਖੋਜੀ, ਅਧਿਆਪਕ, ਪ੍ਰਚਾਰਕ ਅਤੇ ਅਕਾਦਮਿਕ ਕਾਰਜਾਂ ਵਿਚ ਨਿਰੰਤਰ ਜੁਟੇ ਰਹਿਣ ਵਾਲੀ ਸ਼ਖ਼ਸੀਅਤ ਸਨ। ਆਪਣੇ ਤੋਂ ਵਡੇਰਿਆਂ ਅਤੇ ਛੋਟਿਆਂ ਨੂੰ ਇਕੋ ਜਿਹਾ ਸਤਿਕਾਰ ਦੇਣ ਵਾਲੇ ਸਾਬਰ ਸਾਹਿਬ ਦੀ ਨਿਮਰ ਅਤੇ ਗੁਣੀ ਸ਼ਖ਼ਸੀਅਤ ਸਭ ਨੂੰ ਪ੍ਰਭਾਵਿਤ ਕਰਨ ਵਾਲੀ ਸੀ। ਯੂਨੀਵਰਸਿਟੀ ਵਿਖੇ ਜਦੋਂ ਕੋਈ ਅਕਾਦਮਿਕ ਕਾਰਜ ਕਰਨਾ ਹੋਵੇ ਜਾਂ ਕਿਸੇ ਸਿੱਖ ਵਿਦਵਾਨ ਨੂੰ ਮੀਟਿੰਗ ਜਾਂ ਸੈਮੀਨਾਰ ਵਿਚ ਬੁਲਾਉਣ ਦੀ ਗੱਲ ਹੁੰਦੀ ਤਾਂ ਸਾਬਰ ਸਾਹਿਬ ਦਾ ਨਾਂ ਸਾਰਿਆਂ ਦੀ ਜੁਬਾਨ ਆ ਜਾਂਦਾ ਸੀ। ਇਸ ਦਾ ਇਕ ਵੱਡਾ ਕਾਰਨ ਇਹ ਸੀ ਕਿ ਇਹ ਜਦੋਂ ਵੀ ਯੂਨੀਵਰਸਿਟੀ ਵਿਖੇ ਕਿਸੇ ਇੰਟਰਵਿਊ ਜਾਂ ਵਾਈਵੇ ਲਈ ਆਉਂਦੇ ਤਾਂ ਕਿਸੇ ਨੂੰ ਤੰਗ ਜਾਂ ਪ੍ਰੇਸ਼ਾਨ ਕਰਨ ਦੀ ਬਜਾਏ ਸਹਿਜ ਨਾਲ ਸਵਾਲ ਪੁੱਛਦੇ ਅਤੇ ਜਦੋਂ ਕੋਈ ਵਿਦਿਆਰਥੀ ਉਸ ਦਾ ਜਵਾਬ ਨਾ ਦੇ ਸਕਦਾ ਤਾਂ ਸਹਿਜ ਨਾਲ ਉਸ ਨੂੰ ਅਜਿਹਾ ਮਾਰਗ ਦਰਸ਼ਨ ਪ੍ਰਦਾਨ ਕਰ ਜਾਂਦੇ ਜਿਹੜਾ ਕਿ ਉਸ ਦੇ ਚੇਤਿਆਂ ਦਾ ਸਦੀਵੀ ਹਿੱਸਾ ਬਣ ਜਾਂਦਾ ਸੀ।

ਵੱਡੀਆਂ ਅਕਾਦਮਿਕ ਸਭਾਵਾਂ ਅਤੇ ਪੰਥਕ ਮਟਿੰਗਾਂ ਵਿਚ ਨਿਰੰਤਰ ਹਿੱਸਾ ਲੈਣ ਸਮੇਂ ਇਹ ਖ਼ੁਸ਼ੀ ਮਹਿਸੂਸ ਕਰਦੇ ਅਤੇ

ਭਾਵਪੂਰਤ ਢੰਗ ਨਾਲ ਆਪਣੀ ਗੱਲ ਸ੍ਰੋਤਿਆਂ ਦੇ ਸਨਮੁਖ ਪੇਸ਼ ਕਰਦੇ ਸਨ। ਸਿੱਖ ਧਰਮ ਅਤੇ ਇਤਿਹਾਸ ਦੀਆਂ ਬਹੁਤ ਸਾਰੀਆਂ ਘਟਨਾਵਾਂ ਇਹਨਾਂ ਦੇ ਚੇਤਿਆਂ ਦਾ ਹਿੱਸਾ ਸਨ। ਇਸ ਕਰਕੇ ਇਸੇ ਮਹੀਨੇ ੨ ਅਕਤੂਬਰ ਨੂੰ ਭਾਈ ਵੀਰ ਸਿੰਘ ਜੀ ਦੇ ਛੋਟੇ ਭਰਾ ਡਾ. ਬਲਬੀਰ ਸਿੰਘ ਜੀ ਦਾ ੫੦ ਸਾਲਾ ਬਰਸੀ ਸਮਾਗਮ ਆਇਆ ਜਿਹੜਾ ਕਿ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਆਯੋਜਿਤ ਕੀਤਾ ਗਿਆ ਸੀ। ਸਮਾਗਮ ਆਯੋਜਿਤ ਕਰਨ ਤੋਂ ਪਹਿਲਾਂ ਮੇਰਾ ਸਹਿਯੋਗੀ ਡਾ. ਕੁਲਵਿੰਦਰ ਸਿੰਘ ਕਹਿਣ ਲੱਗਾ ਕਿ ਇਸ ਵਾਰੀ ਉਹਨਾਂ ਸ਼ਖ਼ਸੀਅਤਾਂ ਨੂੰ ਬੁਲਾਉਣਾ ਚਾਹੀਦਾ ਹੈ ਜਿਨ੍ਹਾਂ ਨੇ ਡਾ. ਬਲਬੀਰ ਸਿੰਘ ਜੀ ਦੀ ਸੰਗਤ ਦਾ ਅਨੰਦ ਮਾਣਿਆ ਹੋਵੇ। ਪਹਿਲੀ ਨਜ਼ਰੇ ਦੋ ਵਿਦਵਾਨਾਂ ਦਾ ਚੇਤਾ ਆਇਆ। ਇਹਨਾਂ ਵਿਚੋਂ ਇਕ ਡਾ. ਬਲਕਾਰ ਸਿੰਘ ਅਤੇ ਦੂਜੇ ਡਾ. ਜਸਬੀਰ ਸਿੰਘ ਸਾਬਰ ਸਨ। ਦੋਵੇਂ ਵਿਦਵਾਨਾਂ ਨੂੰ ਜਦੋਂ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਤਾਂ ਇਹਨਾਂ ਨੇ ਹਾਂ-ਪੱਖੀ ਹੁੰਗਾਰਾ ਹੀ ਨਹੀਂ ਭਰਿਆ ਬਲਕਿ ਇਸ ਗੱਲ ’ਤੇ ਖ਼ੁਸ਼ੀ ਜਾਹਰ ਕੀਤੀ ਕਿ ਡਾ. ਬਲਬੀਰ ਸਿੰਘ ਨੂੰ ਉਹਨਾਂ ਦੀ ੫੦ ਸਾਲਾ ਬਰਸੀ ਮੌਕੇ ਯਾਦ ਕਰਨਾ ਮਾਣ ਵਾਲੀ ਗੱਲ ਹੈ। ਇਹਨਾਂ ਤੋਂ ਇਲਾਵਾ ਅੰਮ੍ਰਿਤਸਰ ਤੋਂ ਡਾ. ਧਰਮ ਸਿੰਘ ਵੀ ਇਸ ਸਮਾਗਮ ਵਿਚ ਸ਼ਾਮਲ ਹੋਏ ਸਨ।

ਸਮਾਗਮ ਤੋਂ ਇਕ ਦਿਨ ਪਹਿਲਾਂ ਡਾ. ਬਲਕਾਰ ਸਿੰਘ ਦਾ ਫੋਨ ਆਇਆ ਅਤੇ ਕਹਿਣ ਲੱਗੇ ਕਿ ਜਿਹੜੇ ਵਿਦਵਾਨਾਂ ਨੂੰ ਤੁਸੀਂ

ਬੁਲਾਇਆ ਹੈ ਉਹਨਾਂ ਵਿਚੋਂ ਮੈਂ ਅਤੇ ਸਾਬਰ ਸਾਹਿਬ ਦੋਵੇਂ ਉਮਰ ਦੇ ਇਸ ਪੜਾਅ ’ਤੇ ਪਹੁੰਚ ਚੁੱਕੇ ਹਾਂ ਕਿ ਸ਼ਾਇਦ ਦੁਬਾਰਾ ਮੁਲਾਕਾਤ ਨਾ ਹੋ ਸਕੇ। ਯੋਗ ਹੋਵੇਗਾ ਕਿ ਇਸ ਸਮਾਗਮ ਵਿਚ ਸ਼ਾਮਲ ਵਿਦਵਾਨਾਂ ਦੇ ਭਾਸ਼ਣ ਰਿਕਾਰਡ ਕਰ ਲਏ ਜਾਣ ਤਾਂ ਕਿ ਇਕ ਯਾਦਗਾਰ ਬਣੀ ਰਹੇ। ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਡਾ. ਜਸਬੀਰ ਸਿੰਘ ਸਾਬਰ, ਡਾ. ਧਰਮ ਸਿੰਘ ਅਤੇ ਕੁੱਝ ਹੋਰ ਵਿਦਵਾਨ ਰੇਲ ਦਾ ਸਫ਼ਰ ਕਰਕੇ ਅੰਮ੍ਰਿਤਸਰ ਤੋਂ ਦੇਹਰਾਦੂਨ ਪੁੱਜੇ ਸਨ। ਸਮਾਗਮ ਵਿਚ ਕੁੰਜੀਵਤ ਭਾਸ਼ਣ ਦੌਰਾਨ ਇਹਨਾਂ ਕਿਹਾ ਕਿ ਡਾ. ਬਲਬੀਰ ਸਿੰਘ ਜੀ ਤੋਂ ਇਹ ਸਿੱਖਿਆ ਗ੍ਰਹਿਣ ਕਰਨ ਦੀ ਲੋੜ ਹੈ ਕਿ ‘ਖੋਜ ਭਾਵੇਂ ਕਿਸੇ ਵੀ ਖੇਤਰ ਵਿਚ ਹੋਵੇ ਉਸ ਦਾ ਟੀਚਾ ਕੇਵਲ ਡਿਗਰੀ ਪ੍ਰਾਪਤ ਕਰਨਾ ਨਹੀਂ ਬਲਕਿ ਗਿਆਨ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ।’ ਇਹਨਾਂ ਦੇ ਆਪਣੇ ਜੀਵਨ ਵਿਚ ਇਹ ਵਿਚਾਰ ਆਖਰੀ ਸਮੇਂ ਤੱਕ ਕਾਇਮ ਰਿਹਾ। ਅਕਾਲ ਚਾਲਣੇ ਤੋਂ ਇਕ ਦਿਨ ਪਹਿਲਾਂ ਇਹ ਆਪਣੇ ਦਫ਼ਤਰ ਵਿਚ ਕਾਰਜਸ਼ੀਲ ਸਨ ਅਤੇ ਟੈਲੀਫੋਨ ’ਤੇ ਗੱਲ ਕਰਦੇ ਹੋਏ ਇਹਨਾਂ ਕਿਹਾ ਕਿ ਸਮਾਗਮ ਦੌਰਾਨ ਜਿਹੜੀਆਂ ਤੁਹਾਡੀਆਂ ਕਿਤਾਬਾਂ ਸਨਮਾਨ ਰੂਪ ਵਿਚ ਪ੍ਰਾਪਤ ਹੋਈਆਂ ਹਨ ਇਹਨਾਂ ਦੇ ਰਿਵੀਊ ਕਰਕੇ ਆਪਣੇ ਮੈਗ਼ਜ਼ੀਨ ਵਿਚ ਛਾਪਾਂਗਾ।

ਡਾ. ਜਸਬੀਰ ਸਿੰਘ ਸਾਬਰ ਦਾ ਜਨਮ ੧੯ ਨਵੰਬਰ ੧੯੪੨ ਨੂੰ ਮੌਜੂਦਾ ਪਾਕਿਸਤਾਨ ਵਿਚ ਪੈਂਦੇ ਕੈਂਬਲਪੁਰ ਦੇ ਇਲਾਕੇ ਵਿਚ ਬੀਬੀ ਮਹਿੰਦਰ ਕੌਰ ਅਤੇ ਸ. ਸ਼ੇਰ ਸਿੰਘ ਦੇ ਘਰ ਹੋਇਆ ਸੀ।

ਐਮ.ਏ. ਕਰਨ ਉਪਰੰਤ ਪੰਥ ਦੀਆਂ ਪ੍ਰਮੁੱਖ ਸਿੱਖ ਸਖ਼ਸ਼ੀਅਤਾਂ ਸੰਤ ਚੰਨਣ ਸਿੰਘ ਅਤੇ ਸੰਤ ਬਾਬਾ ਫਤਹ ਸਿੰਘ ਦੀ ਸੰਗਤ ਵਿਚ ਇਹਨਾਂ ਨੂੰ ਸਿੱਖ ਧਰਮ, ਪਰੰਪਰਾ ਅਤੇ ਰਾਜਨੀਤਿਕ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਸੰਤ ਫਤਹ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਤਾਂ ਉਹਨਾਂ ਨੇ ਇਹਨਾਂ ਨੂੰ ਆਪਣਾ ਪੀ.ਏ. ਨਿਯੁਕਤ ਕਰ ਲਿਆ ਜਿਸ ਤੋਂ ਇਹਨਾਂ ਨੂੰ ਸਿੱਖ ਧਰਮ ਅਤੇ ਰਾਜਨੀਤੀ ਨੂੰ ਸਮਝਣ ਦਾ ਯੋਗ ਮੌਕਾ ਪ੍ਰਾਪਤ ਹੋਇਆ। ਇਹਨਾਂ ਅਕਾਲੀ ਆਗੂਆਂ ਦੇ ਸਮੇਂ ਇਹ 'ਰੋਜ਼ਾਨਾ ਕੌਮੀ ਦਰਦ' ਅਖ਼ਬਾਰ ਵਿਖੇ ਵੀ ਕਾਰਜ ਕਰਦੇ ਰਹੇ ਸਨ।

ਸਾਬਰ ਸਾਹਿਬ ਨੇ ੧੯੭੩ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਬਲੀਕੇਸ਼ਨ ਵਿਭਾਗ ਵਿਖੇ ਸੇਵਾ ਅਰੰਭ ਕੀਤੀ ਅਤੇ ਫਿਰ ਗੁਰੂ ਨਾਨਕ ਅਧਿਐਨ ਵਿਭਾਗ ਵਿਖੇ ਰਿਸਰਚ ਅਸਿਸਟੈਂਟ ਵਜੋਂ ਨਿਯੁਕਤ ਕਰ ਦਿਤੇ ਗਏ। ਇਸ ਵਿਭਾਗ ਵਿਖੇ ਹੀ ਇਹ ਮੁਖੀ ਅਤੇ ਸੀਨੀਅਰ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਰਹੇ। ਇਹਨਾਂ ਨੇ ਆਪਣਾ ਸਮੁੱਚਾ ਜੀਵਨ ਸਿੱਖ ਧਰਮ ਅਧਿਐਨ ਅਤੇ ਖੋਜ ਨੂੰ ਸਮਰਪਿਤ ਕਰ ਦਿੱਤਾ ਸੀ। ਗੁਰਮੁਖੀ, ਬ੍ਰਜ, ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਗਿਆਨ ਨੇ ਇਹਨਾਂ ਨੂੰ ਖੋਜ ਦੇ ਪ੍ਰਮਾਣਿਕ ਕਾਰਜ ਕਰਨ ਲਈ ਬਲ ਪ੍ਰਦਾਨ ਕੀਤਾ ਸੀ। ਆਪਣੇ ਅਕਾਦਮਿਕ ਸਫ਼ਰ ਦੌਰਾਨ ਇਹਨਾਂ ਨੇ ਤਿੰਨ ਦਰਜਨ ਤੋਂ ਵਧੇਰੇ ਪੁਸਤਕਾਂ ਦੀ ਰਚਨਾ ਅਤੇ ਸੰਪਾਦਨਾ ਕੀਤੀ ਹੈ ਜਿਨਾਂ ਵਿਚ

*ਗਿਆਨ ਰਤਨਾਵਲੀ, ਰਵਿਦਾਸ–ਬਾਣੀ : ਬਹੁਪੱਖੀ ਅਧਿਐਨ, ਬਾਣੀ ਬਾਬਾ ਰਾਮਦਾਸ, ਪਾਵਨ ਗਾਥਾ ਗੁਰੂ ਰਵਿਦਾਸ, ਭਗਤ ਰਵਿਦਾਸ : ਸ੍ਰੋਤ ਪੁਸਤਕ, ਗੁਰਮਤਿ ਵਿਚ ਬਹੁਪੱਖੀ ਸੇਵਾ ਦਾ ਸੰਕਲਪ, ਵਾਰ ਮਾਝ : ਬਹੁਪੱਖੀ ਅਧਿਐਨ, ਭਾਈ ਵੀਰ ਸਿੰਘ – ਸਾਹਿਤ ਦਰਸ਼ਨ, ਅਕਾਲ ਤੋਂ ਖ਼ਾਲਸਾ ਤੱਕ, ਸਿਧ ਗੋਸਟਿ – ਸਰੂਪ ਤੇ ਸੰਦਰਭ, ਰੂਹਾਨੀ ਰਹਿਤ – ਗੁਰਮਤਿ ਪਰਿਪੇਖ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਗਤ ਕਬੀਰ ਜੀ, ਦੋ ਮਹਾਂਪੁਰਖ (ਸੰਤ ਬਾਬਾ ਫਤਹ ਸਿੰਘ ਤੇ ਸੰਤ ਚੰਨਣ ਸਿੰਘ ਜੀ), ਲਣ ੋਡ ੳਹੳਰੳਜੳ੍ਰ ੳਨਜਟਿ ਸ਼ਨਿਗਹ – ੰੳਟ੍ਰਰਣ ੳਨਦ ੍ਰਣਲਣਵੳਨਚਣ* ਆਦਿ ਪੁਸਤਕਾਂ ਸ਼ਾਮਲ ਹਨ।

੧੯੯੫ ਵਿਚ ਭਾਰਤੀ ਸਾਹਿਤ ਅਕਾਦਮੀ, ਦਿੱਲੀ ਨੇ ਅੰਤਰ–ਰਾਸ਼ਟਰੀ ਗੁਰੂ ਰਵਿਦਾਸ ਆਵਰਡ ਨਾਲ ਇਹਨਾਂ ਨੂੰ ਸਨਮਾਨਿਤ ਕੀਤਾ ਸੀ ਅਤੇ ੨੦੦੩ ਵਿਚ ਇਹਨਾਂ ਨੂੰ ਗੁਰੂ ਰਵਿਦਾਸ ਚੇਅਰ ਦੇ ਮੁਖੀ ਵਜੋਂ ਨਿਯੁਕਤੀ ਪ੍ਰਾਪਤ ਹੋਈ। ਇਸ ਸੇਵਾ ਤੋਂ ਮੁਕਤ ਹੋਣ ਉਪਰੰਤ ਇਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ‘ਦੋ ਸਾਲਾ ਸਿੱਖ ਧਰਮ ਅਧਿਐਨ ਕੋਰਸ’ ਵਿਖੇ ਡਾਇਰੈਕਟਰ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ। ੨੦੦੭ ਵਿਚ ਅਰੰਭ ਹੋਏ ਇਸ ਕੋਰਸ ਦਾ ਉਦੇਸ਼ ਦੇਸ਼ ਦੇ ਕਿਸੇ ਵੀ ਕੋਣੇ ਵਿਚ ਬੈਠੇ ਹੋਏ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਅਕਾਦਿਮਕ ਢੰਗ ਨਾਲ ਗੁਰਬਾਣੀ, ਗੁਰ ਇਤਿਹਾਸ, ਭਗਤ ਸਾਹਿਬਾਨ, ਸਿੱਖ ਰਹਿਤ ਮਰਯਾਦਾ, ਸਿੱਖ ਸੰਸਥਾਵਾਂ, ਸਿੱਖ

ਪਰੰਪਰਾਵਾਂ, ਸਿੱਖ ਸਰੋਤਾਂ, ਸਿੱਖ ਤਿਉਹਾਰਾਂ, ਸਿੱਖ ਸੰਪ੍ਰਦਾਵਾਂ, ਪੰਜਾਬ ਦੀਆਂ ਲਹਿਰਾਂ ਅਤੇ ਵਿਭਿੰਨ ਧਰਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਇਸ ਕੋਰਸ ਵਿਚ ਦਾਖ਼ਲਾ ਲੈਣ ਵਾਲੇ ਹਰ ਇਕ ਵਿਦਿਆਰਥੀ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਸਨ। ਸਾਬਰ ਸਾਹਿਬ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਗੁਰਧਾਮਾਂ ਵਿਖੇ ਨਿਜੀ ਸੰਪਰਕ ਪ੍ਰੋਗਰਾਮ ਲਾਉਣੇ ਸ਼ੁਰੂ ਕਰ ਦਿੱਤੇ ਸਨ। ਜਿਸ ਵੀ ਸ਼ਹਿਰ ਵਿਚ ਜਾਂਦੇ, ਉਸ ਦੇ ਨੇੜੇ ਰਹਿਣ ਵਾਲੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਸਨਮੁਖ ਪੇਸ਼ ਕੀਤਾ ਜਾਂਦਾ ਸੀ। ਸਾਬਰ ਸਾਹਿਬ ਦੇ ਇਸ ਯਤਨ ਨਾਲ ਵਿਭਿੰਨ ਨਗਰਾਂ ਵਿਖੇ ਰਹਿਣ ਵਾਲੇ ਵਿਦਵਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜਨ ਲੱਗੇ ਸਨ।

ਕੋਰਸ ਵਿਚ ਦਾਖ਼ਲ ਹੋਣ ਵਾਲੇ ਵਿਭਿੰਨ ਉਮਰ ਦੇ ਵਿਦਿਆਰਥੀਆਂ ਵਿਚ ਅਜਿਹੇ ਸ਼ਖ਼ਸ ਵੀ ਸ਼ਾਮਲ ਹੁੰਦੇ ਸਨ ਜਿਹੜੇ ਪਹਿਲਾਂ ਵਿਭਿੰਨ ਵਿਦਿਆਲਿਆਂ, ਟਕਸਾਲਾਂ, ਮਿਸ਼ਨਰੀ ਕਾਲਜਾਂ ਤੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਹੁੰਦੇ ਸਨ। ਅਜਿਹੇ ਵਿਦਿਆਰਥੀਆਂ ਨੂੰ ਸੰਤੁਸ਼ਟ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਇਕ ਘਟਨਾ ਯਾਦ ਆ ਰਹੀ ਹੈ ਜਦੋਂ ਮੈਂ ਆਪਣਾ ਭਾਸ਼ਣ ਸਮਾਪਤ ਕੀਤਾ ਤਾਂ ਇਕ ਵਿਦਿਆਰਥੀ ਖੜਾ ਹੋ ਕੇ ਸਾਬਰ ਸਾਹਿਬ ਨੂੰ ਕਹਿਣ ਲੱਗਾ ਕਿ ਤੁਹਾਡੇ ਵੱਲੋਂ ਭੇਜੀ ਗਈ ਪਾਠ ਸਮੱਗਰੀ ਵਿਚ ਇਕ ਗਲਤੀ ਹੈ। ਸਾਬਰ ਸਾਹਿਬ ਕਹਿਣ ਲੱਗੇ ਕਿ ਤੁਸੀਂ ਬਹੁਤ ਸੂਝਵਾਨ ਲੱਗਦੇ ਹੋ ਪਰ ਇਸ ਗੱਲ ਦੀ ਹੈਰਾਨੀ

ਹੈ ਕਿ ਤੁਹਾਨੂੰ ਕੇਵਲ ਇਕੋ ਗਲਤੀ ਲੱਭੀ ਹੈ। ਇਸ ਦਾ ਭਾਵ ਹੈ ਕਿ ਤੁਸੀਂ ਸਾਰੀ ਪਾਠ ਸਮੱਗਰੀ ਧਿਆਨ ਨਾਲ ਨਹੀਂ ਪੜ੍ਹੀ। ਸਮੁੱਚੀ ਪਾਠ ਸਮੱਗਰੀ ਵਿਚ ਪੰਜ ਗਲਤੀਆਂ ਹਨ ਅਤੇ ਜਿਹੜਾ ਵਿਦਿਆਰਥੀ ਧਿਆਨ ਨਾਲ ਪਾਠ ਸਮੱਗਰੀ ਨੂੰ ਪੜੇਗਾ, ਉਹ ਉਹਨਾਂ ਨੂੰ ਲੱਭ ਸਕੇਗਾ। ਇਸ ਤਰ੍ਹਾਂ ਸਹਿਜ ਢੰਗ ਨਾਲ ਵਿਦਿਆਰਥੀਆਂ ਨੂੰ ਸਮਝਾਉਣਾ ਅਤੇ ਉਹਨਾਂ ਦੇ ਮਨ ਵਿਚ ਪੜਨ ਦੀ ਰੁਚੀ ਪੈਦਾ ਕਰਨ ਦੀ ਵਿਧੀ ਸਾਬਰ ਸਾਹਿਬ ਦੀ ਸੂਝ ਦਾ ਪ੍ਰਗਟਾਵਾ ਕਰਦੀ ਹੈ। ਪੱਤਰ-ਵਿਹਾਰ ਰਾਹੀਂ ਵਿਦਿਆਰਥੀਆਂ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਨ ਲਈ ਇਹਨਾਂ ਨੇ ਦੋ ਪੁਸਤਕਾਂ ਦੀ ਸੰਪਾਦਨਾ ਵੀ ਕਰ ਦਿੱਤੀ ਸੀ ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕੀਤਾ ਹੈ।

ਡਾ. ਜਸਬੀਰ ਸਿੰਘ ਸਾਬਰ ਨੇ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਆਪਣਾ ਸਮੁੱਚਾ ਜੀਵਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ਼ ਖ਼ਾਲਸਾ ਦੀਵਾਨ ਨੂੰ ਸਮਰਪਿਤ ਕਰ ਦਿੱਤਾ ਸੀ। ਇਸ ਦੇ ਨਾਲ ਉਹ ਟੀ.ਵੀ., ਰੇਡੀਓ ਆਦਿ ਮਾਧਿਅਮਾਂ ਰਾਹੀਂ ਗੁਰਬਾਣੀ, ਗੁਰਮਤਿ ਸੱਭਿਆਚਾਰ, ਪੰਜਾਬੀ ਸੱਭਿਆਚਾਰ ਆਦਿ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਅਤੇ ਸਿੱਖ ਮਸਲਿਆਂ ਸੰਬੰਧੀ ਆਪਣੀ ਰਾਇ ਦੇਣ ਲਈ ਨਿਰੰਤਰ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ। ਜਦੋਂ ਇਹਨਾਂ ਨੂੰ ਸਿੱਖ ਪੰਥ ਦੀ ਵਿਲੱਖਣਤਾ ਬਾਰੇ ਕੋਈ ਸਵਾਲ ਕਰਦਾ ਤਾਂ ਅਕਸਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਦਾ

ਹਵਾਲਾ ਦਿੰਦੇ ਹੋਏ ਕਹਿੰਦੇ ਕਿ ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ ਸਿੱਖਾਂ ਵਿਚੋਂ ਕੁਲ ਨਾਸ਼, ਕਰਮ ਨਾਸ਼, ਧਰਮ ਨਾਸ਼ ਆਦਿ ਦਾ ਸਿਧਾਂਤ ਸਾਹਮਣੇ ਲਿਆਂਦਾ ਹੈ। ਖ਼ਾਲਸਾ ਪੰਥ ਦੀ ਸਿਰਜਣਾ ਹੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਗਟ ਕੀਤੇ ਗਏ ਵਿਲੱਖਣ ਅਤੇ ਨਿਆਰੇ ਸਿਧਾਂਤਾਂ ਦਾ ਬਾਹਰੀ ਪ੍ਰਗਟਾਵਾ ਹੈ।

ਗੁਰਬਾਣੀ ਅਧਿਐਨ, ਗੁਰਮਤਿ ਸੰਗੀਤ, ਪੰਜਾਬੀ ਭਾਸ਼ਾ ਅਤੇ ਪੰਜਾਬੀ ਬੋਲੀ ਦੀ ਸੇਵਾ ਕਰਨ ਵਾਲੀ ਇਹ ਸ਼ਖ਼ਸੀਅਤ ਸਾਥੋਂ ਹਮੇਸ਼ਾਂ ਲਈ ਵਿਛੜ ਗਈ ਹੈ ਪਰ ਇਹਨਾਂ ਦੁਆਰਾ ਕੀਤੇ ਗਏ ਕਾਰਜ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਹਮੇਸ਼ਾਂ ਪ੍ਰੇਰਨਾ ਸ੍ਰੋਤ ਬਣੇ ਰਹਿਣਗੇ।

ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਸਿੱਧ ਕੀਰਤਨੀਏ ਭਾਈ ਹਰਨਾਮ ਸਿੰਘ ਜੀ ਸਹਾਰਨਪੁਰ ਵਾਲੇ

*ਸ. ਤੀਰਥ ਸਿੰਘ

'ਭਲੋ ਭਲੋ ਰੇ ਕੀਰਤਨੀਆ'

ਭਾਈ ਹਰਨਾਮ ਸਿੰਘ ਜੀ ਦਾ ਜਨਮ ਮੂਲਾ ਜੀ ਟਿਕਾਣਾ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਗ੍ਰੰਥੀ ਭਾਈ ਗੁਰਦਿੱਤ ਸਿੰਘ ਜੀ ਦੇ ਗ੍ਰਹਿ ਠੱਠਾ ਉਮੱਰਾ (ਪਾਕਿਸਤਾਨ) ਵਿਖੇ ੧੯੧੯ ਵਿੱਚ ਹੋਇਆ। ਆਪ ਦੀਆਂ ਤਿੰਨ ਵੱਡੀਆਂ ਭੈਣਾਂ ਸਨ ਤੇ ਆਪ ਦੇ ਜਨਮ ਉਪਰੰਤ ਦੋ ਛੋਟੀਆਂ ਭੈਣਾਂ ਅਤੇ ਦੋ ਭਰਾ ਹੋਏ। ਆਪ ਜੀ ਦੇ ਵੱਡੇ-ਵਡੇਰੇ ਗ੍ਰੰਥੀ ਖਾਨਦਾਨ ਦੇ ਹੁੰਦੇ ਹੋਏ ਵੀ, ਭਾਈ ਗੁਰਦਿੱਤ ਸਿੰਘ ਜੀ ਨਹਿਰਾਂ ਦੇ ਪੁਲਾਂ ਤੇ ਰਾਜਗੀਰੀ ਦਾ ਕੰਮ ਕਰਿਆ ਕਰਦੇ ਸਨ।

ਆਪ ਜੀ ਨੇ ਕੀਰਤਨ ਦੀ ਵਿਦਿਆ ਪੰਥ ਪ੍ਰਸਿੱਧ ਮਹਾਨ ਵਿਦਵਾਨ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਉਹਨਾਂ ਨਾਲ ਹੀ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਕੀਰਤਨ ਆਰੰਭ ਕੀਤੀ। ਭਾਈ ਹਰਨਾਮ ਸਿੰਘ ਜੀ ੧੧ ਸਾਲ ਦੀ

ਉਮਰ ਵਿੱਚ ਗ੍ਰਿਹਸਤੀ ਜੀਵਨ ਨੂੰ ਪਰਨਾਏ ਗਏ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਵਿਖੇ ਕੀਰਤਨ ਦੀ ਸੇਵਾ ਕਰਨ ਲਗ ਪਏ। ਇਥੇ ਆਪ ਲਗਭਗ ਪੰਦਰਾਂ ਸਾਲ ਨਿਰੰਤਰ ਸੇਵਾ ਕਰਦੇ ਰਹੇ ।

੧੯੪੭ ਤੋਂ ਬਾਅਦ ਭਾਈ ਹਰਨਾਮ ਸਿੰਘ ਜੀ ਨੇ ਸਹਾਰਨ ਪੁਰ ਵਿਖੇ ਨਿਵਾਸ ਕੀਤਾ । ਇਥੇ ਆਪ ਜੀ ਨੇ ਬੀ.ਏ. ਸੰਗੀਤ ਡੀ ਡਿਗਰੀ ਹਾਸਲ ਕੀਤੀ ਅਤੇ ਗੁਰਦੁਆਰਾ ਸਿੰਘ ਸਭ ਵਿਖੇ ਹੈੱਡ ਰਾਗੀ ਹੋਣ ਦੇ ਨਾਲ ਨਾਲ ਗੁਰੂ ਨਾਨਕ ਗਰਲਜ਼ ਕਾਲਜ ਵਿਖੇ ਟੀਚਰ ਨਿਯੁਕਤ ਹੋਏ । ਆਪ ਜੀ ਨੇ ਬ੍ਰਹਮ ਗਿਆਨੀ ਸੰਤ ਜੀ ਭਿੰਡਰਾਂਵਾਲੇ ਤੇ ਉਹਨਾਂ ਦੇ ਜੱਥੇ ਤੋਂ, ਅਤੇ ਸੰਤ ਅਮੀਰ ਸਿੰਘ ਜੀ (ਭਾਈ ਮਨੀ ਸਿੰਘ ਜੀ ਸ਼ਹੀਦ) ਡੀ ਸੰਪ੍ਰਦਾਈ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਪ੍ਰਮਾਣਾ ਸਹਿਤ ਨਿਰੋਲ ਗੁਰਬਾਣੀ ਦਾ ਕੀਰਤਨ ਕਰਨ ਲਈ ਵਿਸ਼ੇਸ਼ ਪ੍ਰਯਤਨ ਅਭਿਆਸ ਸ਼ੁਰੂ ਕਰ ਦਿੱਤਾ । ਆਪ ਕੀਰਤਨ ਵਿੱਚ ਕਬਿੱਤ, ਸਵੈਯੇ, ਵਾਰਾਂ ਭਾਈ ਗੁਰਦਾਸ ਜੀ ਅਤੇ ਗਜ਼ਲਾਂ ਭਾਈ ਨੰਦ ਲਾਲ ਗੋਆ, ਰਹਿਤਨਾਮੇ ਦਸਮ ਗ੍ਰੰਥ ਦੀ ਬਾਣੀ ਤੇ ਭਾਈ ਵੀਰ ਸਿੰਘ (ਆਧੁਨਿਕ ਪੰਜਾਬੀ ਕਵੀ ਦੀਆਂ ਰਚਨਾਵਾਂ ਸ਼ਬਦ ਪ੍ਰਮਾਣਾ ਵਿਚ ਉਚਾਰਦੇ ਸਨ । ਇਹ ਸ਼ਬਦ ਪ੍ਰਮਾਣ ਸਭ ਆਪ ਦੇ ਜੁਬਾਨੀ ਯਾਦ ਹੁੰਦੇ ਸਨ ।

ਸ੍ਰੀ ਮਾਨ ਸੰਤ ਪੰਡਤ ਨਿਸਚਲ ਸਿੰਘ ਜੀ ਜਮੁਨਾ ਨਗਰ (ਪੰਥ ਪ੍ਰਸਿੱਧ ਵਿਦਵਾਨ) ਤੇ ਬਾਬਾ ਸੰਤ ਦਾਸ ਜੀ ਡੇਰਾ ਸੰਤ ਪੁਰਾ ਜਲੰਧਰ ਵਾਲੇ ਹਰ ਸਾਲ ਵਿਸ਼ੇਸ਼ ਸਲਾਨਾ ਜੋੜ ਮੇਲਿਆਂ ਤੇ ਬੁਲਵਾ ਕੇ ਸਮੇਂ ਸਮੇਂ ਧਾਰਮਿਕ ਦਿਵਾਨਾਂ ਅੰਦਰ ਭਾਈ ਸਾਹਿਬ ਜੀ ਦਾ ਕੀਰਤਨ ਸੁਣ ਕੇ ਸੰਗਤਾਂ ਸਮੇਤ ਆਤਮਕ ਅਨੰਦ ਪ੍ਰਾਪਤ ਕਰਿਆ ਕਰਦੇ ਸਨ। ਭਾਈ ਸਾਹਿਬ ਨੂੰ ਬਹੁਤ ਸਾਰੀ ਬਾਣੀ ਕੰਠ ਸੀ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੋਜ਼ਾਨਾ ੫੦-੬੦ ਅੰਗ ਗੁਰਬਾਣੀ ਯਾਦ ਕਰਕੇ ਹਿਤ ਪੜ੍ਹਿਆ ਕਰਦੇ ਸਨ ਤੇ ਸੰਗਤਾਂ ਨੂੰ ਰੋਜ ਇੱਕ ਸ਼ਬਦ ਨਵਾਂ ਸੁਣਾਇਆ ਕਰਦੇ ਸਨ।

ਆਪ ਜੀ ਦਾ ਕੀਰਤਨ ਕਰਨ ਦਾ ਢੰਗ ਪੁਰਾਤਨ ਤੇ ਸ਼ੈਲੀ ਪ੍ਰਭਾਵ ਪੂਰਨ ਸੀ। ਆਪ ਭਾਈ ਸਾਹਿਬ ਉਸਤਾਦ ਸਮੁੰਦ ਸਿੰਘ ਜੀ ਦੀਆਂ ਬੰਦਸ਼ਾਂ ਤੇ ਰੀਤਾਂ ਗਾਉਣ ਵਿੱਚ ਬੜੀ ਪ੍ਰਬੀਨਤਾ ਰੱਖਦੇ ਸਨ। ਸਮੇਂ ਤੇ ਰੁੱਤ ਅਨੁਸਾਰ ਬਾਖੂਬੀ ਗਾਉਣ ਦੀ ਕਲਾ ਆਪ ਜੀ ਦੇ ਰਗ ਰਗ ਵਿਚ ਸਮਾਈ ਹੋਈ ਸੀ। ਭਾਈ ਚਾਂਦ ਸਾਹਿਬ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਦੀਆਂ ਬਹੁਤ ਸਾਰੀਆਂ ਬੰਦਸ਼ਾਂ ਆਪ ਦੁਆਰਾ ਗਾਈਆਂ ਜਾਂਦੀਆਂ ਸਨ ਅਤੇ ਸੰਗਤਾਂ ਆਪ ਦਾ ਕੀਰਤਨ ਸਰਵਣ ਕਰ ਕੇ ਲਾਹਾ ਪ੍ਰਾਪਤ ਕਰਦੀਆਂ ਸਨ। ਆਪ ਜੀ ਦੇ ਜਥੇ ਵਿਚ ਸਹਾਇਕ

ਰਾਗੀ ਵਜੋਂ ਜਿੰਨੇ ਵੀ ਸਾਥੀ ਕੀਰਤਨ ਸੇਵਾ ਵਿੱਚ ਲੱਗੇ ਉਹ ਸਭ ਹੁਣ ਮੁੱਖ ਰਾਗੀ ਵਜੋਂ ਸੀਸ ਗੰਜ ਸਾਹਿਬ ਦਿੱਲੀ, ਕਰਨਾਲ, ਅੰਬਾਲਾ ਆਦਿ ਵਿਖੇ ਸੇਵਾ ਕਰ ਰਹੇ ਹਨ।

ਭਾਈ ਸਾਹਿਬ ਭਾਈ ਹੀਰਾ ਸਿੰਘ ਜੀ, ਭਾਈ ਸੁਧ ਸਿੰਘ ਜੀ, ਪ੍ਰਧਾਨ ਸਿੰਘ ਜੀ ਆਦਿ ਆਪ ਜੀ ਦੀ ਰਿਸ਼ਤੇਦਾਰੀ ਵਿੱਚ ਪੰਥ ਪ੍ਰਸਿੱਧ ਮਹਾਨ ਕੀਰਤਨੀਏ ਹੋਏ ਹਨ। ਭਾਈ ਸਾਹਿਬ ਚਾਰ-ਪੰਜ ਘੰਟੇ ਰੋਜ ਕੀਰਤਨ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਦੋ-ਤਿੰਨ ਪ੍ਰੋਗਰਾਮ ਵੱਖਰੇ ਹੋਇਆ ਕਰਦੇ ਸਨ। ਉਹਨਾਂ ਦਿਨਾਂ ਵਿੱਚ ਸਹਾਰਨਪੁਰ ਵਿਖੇ ਸਿਰਫ਼ ਇੱਕ ਹੀ ਅਸਥਾਨ ਤੇ ਰਾਗੀ ਜਥਾ ਹੋਇਆ ਕਰਦਾ ਸੀ ਆਸ ਪਾਸ ਦੇ ਕਸਬਿਆਂ ਤੇ ਸ਼ਹਿਰਾਂ, ਇੱਥੋਂ ਤਕ ਕੀ ਜਮੁਨਾ ਨਗਰ, ਮੁਜੱਫਰ ਨਗਰ, ਕਰਨਾਲ, ਅੰਬਾਲਾ, ਨਾਹਨ ਤੇ ਪਾਉਂਟਾ ਸਾਹਿਬ ਆਦਿ ਲਈ ਵੀ ਸਹਾਰਨਪੁਰ ਤੋਂ ਭਾਈ ਹਰਨਾਮ ਸਿੰਘ ਜੀ ਦਾ ਕਿਰਤਨੀ ਜਥਾ ਹੀ ਬੁਲਾਇਆ ਜਾਂਦਾ ਸੀ।

ਆਪ ਕੀਰਤਨ ਭੇਟਾ ਵੀ ਬਹੁਤ ਘੱਟ ਲਿਆ ਕਰਦੇ ਸਨ। ਸੰਨ ੧੯੪੭ ਤੋਂ ੧੦੦ ਰੁਪਏ ਮਾਹਵਾਰ ਤੋਂ ਅਰੰਭ ਕਰਕੇ ਹੁਣ ਕੇਵਲ ੧੧੦੦ ਰੁਪਏ ਮਾਹਵਾਰ ਤੇ ਕੀਰਤਨ ਸੇਵਾ ਕਰਦੇ ਰਹੇ ਹਨ ਆਪ ਨੇ ਕਦੇ

ਸ਼ਬਦ ਭੇਟਾ ਜਾਂ ਹੋਰ ਕੋਈ ਮਾਇਆ ਅੱਧ ਪ੍ਰਾਪਤ ਨਹੀਂ ਕੀਤੀ। ਆਪ ਜੀ ਦੇ ਇਸ ਆਦਰਸ਼ ਕਾਰਨ ਜਿੱਥੇ ਆਪ ਜੀ ਨੂੰ ਤੰਗੀ-ਤੁਰਸ਼ੀ ਵਾਲਾ ਜੀਵਨ ਬਿਤਾਉਣਾ ਪਿਆ ਹੈ ਉੱਥੇ ਆਪ ਦੇ ਦੂਜੇ ਕੀਰਤਨੀ ਸਾਥੀਆਂ ਨੂੰ ਵੀ ਔਕੜਾਂ ਭਰਪੂਰ ਜੀਵਨ ਵਿੱਚ ਹਮੇਸ਼ਾ ਨਾਲ ਖੜ੍ਹੇ ਰਹਿਣ ਦਾ ਗੌਰਵ ਹਾਸਲ ਹੈ ਆਪ ਦਾ ਸੰਪੂਰਨ ਜੀਵਨ ਸੁਚੱਜਤਾ ਦਾ ਨਮੂਨਾ ਹੈ। ਆਪ ਨੇ ਸਾਰਾ ਜੀਵਨ, ਸਾਦਾ ਲਿਬਾਸ ਤੇ ਦ੍ਰਿੜ੍ਹ ਨਿਸ਼ਚੈ ਵਿਸ਼ਵਾਸ ਨਾਲ ਕੀਰਤਨ ਸੇਵਾ ਨਿਭਾਈ ਹੈ।

ਆਪ ਨੇ ਸੰਗਤਾਂ ਦੇ ਵਿਸ਼ੇਸ਼ ਸੱਦੇ-ਪੱਤਰਾਂ ਤੇ ਥਾਈਲੈਂਡ (ਮਲੇਸ਼ੀਆ) ਤੇ ਬਰਮਿੰਘਮ (ਇੰਗਲੈਂਡ ਵਿਖੇ ਦੋ ਵਾਰੀ ਭ੍ਰਮਣ ਕੀਤਾ ਹੈ ਤੇ ਤਕਰੀਬਨ ਛੇ-ਛੇ ਮਹੀਨੇ ਸਮੂਹ ਸੰਗਤਾਂ ਦੀ ਕੀਰਤਨ ਰਾਹੀਂ ਸੇਵਾ ਕੀਤੀ ਹੈ।

ਆਪ ਦਾ ਸਾਦਾ, ਮਧਰਾ, ਗਠੀਲਾ, ਤੇ ਰੋਅਬਦਾਰ ਭਖਦਾ ਲਾਲ ਚਿਹਰ ਸੀ। ਆਪ ਕੀਰਤਨ ਲਈ ਹਮੇਸ਼ਾ ਘਰ ਤੋਂ ਗੁਰਦੁਆਰਾ ਸਾਹਿਬ ਤਕ ਪੈਦਲ ਚੱਲਿਆ ਕਰਦੇ ਸਨ। ਆਪ ਨੇ ਸਾਰੀ ਉਮਰ ਸਹਾਰਨਪੁਰ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੀ ਕੀਰਤਨ ਰਾਹੀਂ ਭਰਪੂਰ ਸੇਵਾ ਕੀਤੀ ਅਤੇ ਮਾਣ ਸਤਿਕਾਰ ਪ੍ਰਾਪਤ ਕੀਤਾ ਹੈ। ਇਸੇ

ਕਰਕੇ ਆਪ ਭਾਈ ਹਰਨਾਮ ਸਿੰਘ ਜੀ ਸਹਾਰਨ ਪੁਰ ਵਾਲੇ ਕਰ ਕੇ ਪ੍ਰਸਿੱਧ ਹੋਏ। ਗੁਰੂ ਘੱਰ ਦੇ ਇਹ ਪ੍ਰਸਿੱਧ ਕੀਰਤਨੀਏ ਸੰਗਤਾਂ ਦੀ ਸੇਵਾ ਕਰਦੇ ਹੋਏ ੧੯੮੯ ਨੂੰ ਗੁਰਪੁਰੀ ਸਿਧਾਰ ਗਏ। ਆਪ ਜੀ ਦੀ ਅਣਥੱਕ ਸੇਵਾ ਨੂੰ ਮੁੱਖ ਰੱਖਦੇ ਹੋਏ ਆਪ ਜੀ ਦੇ ਪਰਿਵਾਰ ਨੂੰ ਪੰਜ ਸੋ ਰੁਪਏ ਅਤੇ ਮਾਣ-ਪੱਤਰ ਪ੍ਰਦਾਨ ਕੀਤਾ ਗਿਆ ਹੈ। ਭਾਈ ਹਰਨਾਮ ਸਿੰਘ ਜੀ ਨਿਰਮਲ ਕਰਮੀ, ਨਿਤਨੇਮੀ ਤੇ ਅੰਤ ਸਮੇਂ ਤਕ ਨਾਮ ਸਿਮਰਨ ਕੀਰਤਨ ਨਾਲ ਜੁੜੇ ਰਹੇ ਆਪ ਨਿਰੋਲ ਗੁਰਬਾਣੀ ਦੇ ਕੀਰਤਨੀਏ ਸਨ।

੪, ਗੁਰੂ ਗੋਬਿੰਦ ਸਿੰਘ ਮਾਰਕੀਟ,
ਗਰਾਂਟ ਰੋਡ, ਸਹਾਰਨਪੁਰ

*ਇਹ ਲੇਖ ਸੁਰਗਵਾਸੀ ਸ. ਤੀਰਥ ਸਿੰਘ ਜੀ ਦੁਆਰਾ ਲਿਖਿਆ ਗਿਆ ਸੀ ਅਤੇ ਇਹ ਅੰਮ੍ਰਿਤੁ ਕੀਰਤਨ ਦੇ ਸਿਤੰਬਰ ੧੯੯੪ ਵਿੱਚੋਂ ਲਿਆ ਗਿਆ ਹੈ, ਇਸ ਪਤੇ ਦੀ ਪੁਸ਼ਟੀ ਵੀ ਨਹੀਂ ਕੀਤੀ ਜਾ ਸਕਦੀ

# ਗੁਰਮੁਖ ਪਿਆਰੀ ਰੂਹ
# ਗਿਆਨੀ ਸਾਹਿਬ ਸਿੰਘ ਜੀ "ਸ਼ਾਹਬਾਦ ਮਾਰਕੰਡਾ"

- ਪਰਮਜੀਤ ਸਿੰਘ 'ਸੁਚਿੰਤਨ'

ਪ੍ਰਸਿੱਧ ਕਥਾਵਾਚਕ ਤੇ ਵਿਦਵਾਨ, ਗਿਆਨੀ ਸਾਹਿਬ ਸਿੰਘ ਜੀ "ਸ਼ਾਹਬਾਦ ਮਾਰਕੰਡਾ", ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਸਤਿਗੁਰੂ ਜੀ ਦੀ ਬਖ਼ਸ਼ਿਸ਼ ਸਦਕਾ, ਆਪ ਜੀ ਨੂੰ ਗੁਰਬਾਣੀ ਵਿਆਕਰਣ ਤੇ ਗੁਰਬਾਣੀ ਦੀ ਸੰਥਿਆ 'ਚ ਮੁਹਾਰਤ ਹਾਸਲ ਹੈ। ਜਿੱਥੇ ਇੱਕ ਪਾਸੇ, ਸਤਿਗੁਰੂ ਜੀ ਨੇ ਕਿਰਪਾ ਕਰਕੇ, ਆਪ ਜੀ ਨੂੰ ਗੁਰਬਾਣੀ ਦੀ ਵਿਆਖਿਆ ਕਰਨ ਦੀ ਸੋਝੀ ਬਖ਼ਸ਼ਿਸ਼ ਕੀਤੀ ਹੈ, ਉੱਥੇ ਦੂਜੇ ਪਾਸੇ, ਸਤਿਗੁਰੂ ਜੀ ਨੇ ਆਪ ਜੀ ਨੂੰ ਨਿਰਮਲ ਤੇ ਸੱਚਾ-ਸੁੱਚਾ ਜੀਵਨ ਬਖ਼ਸ਼ਿਸ਼ ਕੀਤਾ ਹੈ। ਆਪ ਜੀ ਗੁਰੂ-ਘਰ ਤੋਂ ਵਰੋਸਾਈ ਹੋਈ, ਇਹੋ ਜਿਹੀ ਗੁਰਮੁਖ ਪਿਆਰੀ ਰੂਹ ਹਨ, ਜਿਨ੍ਹਾਂ ਨੂੰ ਮਿਲਦਿਆਂ ਸਾਰ ਹੀ ਹਿਰਦੇ 'ਚ ਠੰਡ ਪੈ ਜਾਂਦੀ ਹੈ, ਚਿੱਤ ਕਰਦਾ ਹੈ ਕਿ ਆਪ ਜੀ ਮਿਠਾਸ ਭਰੇ ਬੋਲ ਬੋਲਦੇ ਰਹਿਣ ਅਤੇ ਅਸੀਂ ਉਹਨਾਂ ਬੋਲਾਂ ਨੂੰ ਸੁਣ ਕੇ, ਅਨੰਦ ਲੈਂਦੇ ਰਹੀਏ।

ਆਪ ਜੀ 84 ਸਾਲ ਦੀ ਉਮਰ 'ਚ ਵੀ, ਸੰਗਤਾਂ ਨੂੰ ਗੁਰਬਾਣੀ ਸੰਥਿਆ, ਗੁਰਬਾਣੀ ਦੀ ਵਿਆਖਿਆ, ਪਾਠ-ਬੋਧ ਅਤੇ ਇਤਿਹਾਸ ਸ੍ਰਵਣ ਕਰਵਾ ਕੇ, ਨਿਹਾਲ ਕਰਦੇ ਰਹਿੰਦੇ ਹਨ। ਆਪ ਸਮੂਹ ਪਾਠਕਾਂ ਨੇ, ਬਹੁਤ ਵਾਰ ਗਿਆਨੀ ਸਾਹਿਬ ਸਿੰਘ ਜੀ ਨੂੰ ਗੁਰੂਦੁਆਰਾ ਮੰਜੀ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਾਂ ਹੋਰ ਸਮਾਗਮਾਂ 'ਚ, ਗੁਰਬਾਣੀ ਦੀ ਕਥਾ ਕਰਦੇ ਹੋਏ ਸੁਣਿਆ ਹੋਵੇਗਾ।

ਲੰਬੇ ਸਮੇਂ ਤੋਂ ਮੇਰੇ ਮਨ 'ਚ, ਇਹ ਵਿਚਾਰ ਉਮੜ ਰਹੇ ਸਨ ਕਿ ਗਿਆਨੀ ਸਾਹਿਬ ਸਿੰਘ ਜੀ ਦੇ ਪ੍ਰੇਰਣਾਮਈ ਜੀਵਨ ਬਾਰੇ, ਕੁਝ ਲਿਖਿਆ ਜਾਵੇ ਤਾਂ ਜੋ ਆਪ ਜੀ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ, ਹੋਰ ਜਗਿਆਸੂ ਵੀ ਗੁਰਮਤਿ ਗਾਡੀ ਰਾਹ ਦੇ ਪਾਂਧੀ ਬਣ ਸਕਣ। ਫਿਰ, ਮਨ 'ਚ ਵਿਚਾਰ ਆਇਆ ਕਿ ਗਿਆਨੀ ਜੀ ਬਾਰੇ ਕੁਝ ਲਿੱਖਣ ਤੋਂ ਪਹਿਲਾਂ, ਇੱਕ ਵਾਰ ਆਪ ਜੀ ਨੂੰ ਮਿਲ ਕੇ, ਆਪ ਜੀ ਦੇ ਰੂਹਾਨੀਅਤ ਭਰਪੂਰ ਜੀਵਨ ਬਾਰੇ ਜਾਣਨ ਦਾ ਯਤਨ ਕਰਾਂ, ਫਿਰ ਆਪ ਜੀ ਬਾਰੇ ਕੁਝ ਲਿਖਾਂ ਤਾਂ ਜੋ ਆਪ ਜੀ ਬਾਰੇ ਜੋ ਵੀ ਲਿਖਾਂ, ਉਹ ਪ੍ਰਮਾਣਿਕ ਹੋਵੇ।

ਇਹੀ ਸੋਚ ਕੇ, ਮੈਂ ਇੱਕ ਦਿਨ ਗਿਆਨੀ ਜੀ ਨੂੰ ਟੈਲੀਫ਼ੋਨ ਕੀਤਾ ਤੇ ਮਿਲਣ ਦੀ ਇੱਛਾ ਪ੍ਰਗਟਾਈ। ਆਪ ਜੀ ਨੇ ਖਿੜੇ ਮੱਥੇ ਪ੍ਰਵਾਨਗੀ ਦੇ ਦਿੱਤੀ। ਅਖ਼ੀਰ, ਗਿਆਨੀ ਜੀ ਪਾਸੋਂ ਸਮਾਂ ਲੈ ਕੇ, ਮੈਂ ਮਿਤੀ 7 ਸਤੰਬਰ 2023 ਨੂੰ, ਆਪ ਜੀ ਨੂੰ ਮਿਲਣ ਲਈ, ਆਪ ਜੀ ਦੇ ਨਗਰ 'ਸ਼ਾਹਬਾਦ ਮਾਰਕੰਡਾ' ਵਿਖੇ ਪਹੁੰਚ ਗਿਆ। ਗਿਆਨੀ ਸਾਹਿਬ ਸਿੰਘ ਜੀ ਦੇ ਜੀਵਨ ਬਾਰੇ ਅਤੇ ਆਪ ਜੀ ਦੀ ਹੁਣ ਤਕ ਦੀ ਘਾਲਣਾ ਬਾਰੇ ਲੰਬੀ ਚਰਚਾ ਹੋਈ, ਜਿਸ ਦੇ ਚੋਣਵੇਂ ਅੰਸ਼, ਹੇਠ ਲਿਖੇ ਅਨੁਸਾਰ ਹਨ।

**ਬਚਪਨ:**
ਗਿਆਨੀ ਸਾਹਿਬ ਸਿੰਘ ਜੀ ਦਾ ਜਨਮ, ਮਾਤਾ ਇਕਬਾਲ ਕੌਰ ਜੀ ਦੀ ਕੁੱਖ ਤੋਂ, ਪਿਤਾ ਸ. ਮੇਲਾ ਸਿੰਘ ਜੀ ਦੇ ਗ੍ਰਿਹ ਵਿਖੇ, ਮਿਤੀ 5 ਮਈ ਸੰਨ 1941 ਈ. ਨੂੰ, ਪਿੰਡ ਬਾਗਾਂਵਾਲੀ ਕੜਿਆਲ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਜੀ ਪਹਿਲਾਂ ਰਾਵਲਪਿੰਡੀ (ਪਾਕਿਸਤਾਨ) ਵਿਖੇ ਅਧਿਆਪਕ ਦੀ ਨੌਕਰੀ ਕਰਦੇ ਹੁੰਦੇ ਸਨ। ਫਿਰ ਆਪ ਜੀ, ਪਿੰਡ ਬਾਗਾਂਵਾਲੀ ਕੜਿਆਲ ਵਿਖੇ ਨਹਿਰੀ ਮਹਿਕਮੇ 'ਚ ਨੌਕਰੀ ਕਰਨ ਲੱਗ ਪਏ। ਨੌਕਰੀ ਦੇ ਨਾਲ-

ਨਾਲ, ਪਿਤਾ ਜੀ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਵੀ ਸੇਵਾ ਕਰਦੇ ਹੁੰਦੇ ਸਨ। ਭਾਈ ਸਾਹਿਬ ਸਿੰਘ ਜੀ ਦੀ ਮੁੱਢਲੀ ਵਿੱਦਿਆ ਪਿੰਡ ਬਾਗਾਂਵਾਲੀ ਵਿਖੇ ਹੀ ਸ਼ੁਰੂ ਹੋ ਗਈ ਸੀ। ਆਪ ਜੀ ਨੇ ਪਹਿਲੀ ਕਲਾਸ ਉਰਦੂ ਭਾਸ਼ਾ ਦੇ ਮਾਧਿਅਮ 'ਚ ਸੰਨ 1947 ਈ. 'ਚ ਪਾਸ ਕੀਤੀ।

ਸੰਨ ੧੯੪੭ ਈ. 'ਚ, ਹਿੰਦੁਸਤਾਨ-ਪਾਕਿਸਤਾਨ ਦੀ ਹੋਈ ਵੰਡ ਦੌਰਾਨ, ਭਾਈ ਸਾਹਿਬ ਸਿੰਘ ਜੀ ਤੇ ਉਹਨਾਂ ਦਾ ਸਾਰਾ ਪਰਿਵਾਰ ਪਿੰਡ ਬਾਗਾਂਵਾਲੀ ਤੋਂ ਚਲ ਕੇ, ਗੁਰਦੁਆਰਾ ਸੱਚਾ ਸੌਦਾ ਸਾਹਿਬ ਵਿਖੇ ਪਹੁੰਚ ਗਿਆ। ਉਹਨਾਂ ਦਿਨਾਂ 'ਚ ਇੱਥੇ ਹੈਜ਼ੇ ਦੀ ਬਿਮਾਰੀ ਫ਼ੈਲੀ ਹੋਈ ਸੀ। ਆਪ ਜੀ ਦੇ ਪਿਤਾ ਜੀ ਇੱਕ ਬਹੁਤ ਵਧੀਆ ਵੈਦ ਵੀ ਸਨ। ਉਹ ਹੈਜ਼ੇ ਦੀ ਬਿਮਾਰੀ ਦਾ ਇਲਾਜ ਕਰਨ ਲਈ, ਅੱਕ ਦੀਆਂ ਨਿਮੋਲੀਆਂ ਤੋਂ ਦੁਆਈ ਤਿਆਰ ਕਰਦੇ ਹੁੰਦੇ ਸਨ। ਭਾਈ ਸਾਹਿਬ ਸਿੰਘ ਜੀ ਤੇ ਹੋਰ ਭੈਣ-ਭਰਾ ਅੱਕ ਦੀਆਂ ਨਿਮੋਲੀਆਂ ਇੱਕਠੀਆਂ ਕਰਕੇ ਲਿਆਉਂਦੇ ਸਨ ਤੇ ਪਿਤਾ ਜੀ ਉਹਨਾਂ ਨਿਮੋਲੀਆਂ ਤੋਂ ਦੁਆਈ ਤਿਆਰ ਕਰ ਦਿੰਦੇ ਸਨ।

ਲਗਭਗ ਦੋ ਮਹੀਨੇ ਇਥੇ ਟਿਕਾਣਾ ਕਰਨ ਤੋਂ ਬਾਅਦ, ਭਾਈ ਸਾਹਿਬ ਸਿੰਘ ਜੀ ਤੇ ਉਹਨਾਂ ਦਾ ਪਰਿਵਾਰ, ਛੇਹਰਟਾ ਸਾਹਿਬ ਪਹੁੰਚ ਗਏ ਅਤੇ ਕੁਝ ਮਹੀਨੇ ਇੱਥੇ ਰੁਕੇ।

**ਮੁੱਢਲੀ ਵਿੱਦਿਆ:**

ਅਖ਼ੀਰ, ਆਪ ਜੀ ਦੇ ਪਰਿਵਾਰ ਨੇ ਅੰਬਾਲਾ ਸ਼ਹਿਰ ਦੇ ਗਾਂਧੀ ਨਗਰ ਇਲਾਕੇ 'ਚ ਆ ਕੇ ਆਪਣਾ ਟਿਕਾਣਾ ਕਰ ਲਿਆ। ਭਾਈ ਸਾਹਿਬ ਸਿੰਘ ਜੀ ਨੇ ਇੱਥੇ ਖ਼ਾਲਸਾ ਸਕੂਲ ਵਿਖੇ ਸਤਵੀਂ ਕਲਾਸ ਤੱਕ ਵਿੱਦਿਆ ਹਾਸਲ ਕੀਤੀ। ਘਰ ਦੇ ਆਰਥਿਕ ਹਾਲਾਤ ਬਹੁਤੇ ਵਧੀਆ ਨਹੀਂ ਸਨ। ਪੰਜ ਭੈਣਾਂ ਤੇ ਦੋ ਭਰਾਵਾਂ ਵਿੱਚੋਂ, ਭਾਈ ਸਾਹਿਬ ਸਿੰਘ ਜੀ ਸੱਭ ਤੋਂ ਵੱਡੇ ਸਨ। ਇਸ ਲਈ ਪਰਿਵਾਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਆਪ ਜੀ 'ਤੇ ਵੀ ਆਣ ਪਈ। ਆਪ ਜੀ ਚੌਥੀ ਕਲਾਸ ਤੋਂ ਸਤਵੀਂ ਕਲਾਸ ਤੱਕ, ਪੜ੍ਹਾਈ ਕਰਨ ਦੇ ਨਾਲ-ਨਾਲ, ਗਲੀ-ਗਲੀ ਜਾ ਕੇ ਬੇਕਰੀ ਦਾ ਸਮਾਨ ਵੇਚਦੇ ਸਨ ਅਤੇ ਘਰ ਦਾ ਗੁਜ਼ਾਰਾ ਕਰਦੇ ਸਨ। ਆਪ ਜੀ ਨੇ 10 ਸਾਲ ਦੀ ਉਮਰ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠੀ ਸਿੰਘ ਵਜੋਂ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ।

**ਸੰਤ ਤੇਜਾ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਨਾਲ ਮਿਲਾਪ:**

ਇੱਕ ਦਿਨ ਦੀ ਗੱਲ ਹੈ, ਸੰਤ ਤੇਜਾ ਸਿੰਘ ਜੀ, ਡਬਲ ਐਮ. ਏ., ਮਸਤੂਆਣਾ ਸਾਹਿਬ ਵਾਲੇ, ਤਿੰਨ-ਚਾਰ ਹੋਰ ਸਿੰਘਾਂ ਦੇ ਨਾਲ, ਆਪਣੀ ਗੱਡੀ 'ਤੇ ਸਵਾਰ ਹੋ ਕੇ, ਅੰਬਾਲੇ ਵਿੱਚੋਂ ਦੀ ਲੰਘ ਰਹੇ ਸਨ। ਅਚਾਨਕ ਉਹਨਾਂ ਦੀ ਗੱਡੀ ਖ਼ਰਾਬ ਹੋ ਗਈ। ਜਿਸ ਅਸਥਾਨ 'ਤੇ ਗੱਡੀ ਖ਼ਰਾਬ ਹੋਈ, ਉਹ ਅਸਥਾਨ ਭਾਈ ਸਾਹਿਬ ਸਿੰਘ ਜੀ ਦੇ ਪਿਤਾ ਜੀ ਦੇ ਘਰ ਤੋਂ ਮਸਾਂ ਹੀ 100 ਕੁ ਮੀਟਰ ਦੀ ਵਿੱਥ 'ਤੇ ਹੋਵੇਗਾ। ਸਬੱਬ ਨਾਲ ਉਸੇ ਸਮੇਂ, ਸ. ਮੇਲਾ ਸਿੰਘ ਜੀ (ਭਾਈ ਸਾਹਿਬ ਸਿੰਘ ਜੀ ਦੇ ਪਿਤਾ ਜੀ) ਘਰੋਂ ਬਾਹਰ ਨਿਕਲੇ ਤਾਂ ਦੇਖਦੇ ਹਨ ਕਿ ਇੱਕ ਗੱਡੀ ਖੜੀ ਹੈ, ਨਾਲ ਚਾਰ-ਪੰਜ ਸਿੰਘ ਖੜ੍ਹੇ ਹਨ। ਇਹਨਾਂ ਚਾਰ-ਪੰਜ ਸਿੰਘਾਂ ਵਿੱਚੋਂ, ਇੱਕ ਸਿੰਘ ਦੇ ਮੁੱਖ ਤੋਂ ਸੰਤਾਂ ਵਾਲਾ ਝਲਕਾਰਾ ਪੈ ਰਿਹਾ ਸੀ। ਸ. ਮੇਲਾ ਸਿੰਘ ਜੀ ਨੇ ਨੇੜੇ ਜਾ ਕੇ, ਗੁਰੂ ਫ਼ਤਹਿ ਬੁਲਾਈ ਅਤੇ ਪੁੱਛਿਆ ਕਿ ਇੱਥੇ ਕਿਵੇਂ ਖੜ੍ਹੇ ਹੋ ? ਇਹਨਾਂ ਸਿੰਘਾਂ ਵਿੱਚੋਂ ਇੱਕ ਸਿੰਘ ਨੇ, ਸੰਤ ਤੇਜਾ ਸਿੰਘ ਜੀ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਅਸੀਂ ਕਿਤੇ ਕੰਮ ਜਾ ਰਹੇ ਸਾਂ, ਰਸਤੇ 'ਚ ਗੱਡੀ ਖ਼ਰਾਬ ਹੋ ਗਈ ਹੈ। ਇਹ ਸੁਣ ਕੇ, ਸ. ਮੇਲਾ ਸਿੰਘ ਜੀ ਨੇ ਸੰਤ ਤੇਜਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸਰਦੀ ਦੇ ਦਿਨ ਹਨ, ਬਾਹਰ ਠੰਡ ਬਹੁਤ ਪੈ ਰਹੀ ਹੈ, ਤੁਸੀਂ ਕਿਰਪਾ ਕਰੋ, ਜਿੰਨੀ ਦੇਰ 'ਚ ਮਕੈਨਿਕ ਗੱਡੀ ਠੀਕ ਕਰਦਾ ਹੈ, ਤੁਸੀਂ ਉਤਨੀ ਦੇਰ 'ਚ ਘਰ ਚੱਲ ਕੇ ਪ੍ਰਸ਼ਾਦਾ ਛੱਕ ਲਓ ਤੇ ਥੋੜ੍ਹੀ ਦੇਰ ਆਰਾਮ ਕਰ ਲਓ। ਸੰਤ ਤੇਜਾ ਸਿੰਘ ਜੀ ਨੇ ਸ. ਮੇਲਾ ਸਿੰਘ ਜੀ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਬਾਕੀ ਸਿੰਘਾਂ ਦੇ ਨਾਲ, ਸ. ਮੇਲਾ ਸਿੰਘ ਜੀ ਦੇ ਗ੍ਰਿਹ ਵਿਖੇ ਪਹੁੰਚ ਗਏ। ਸ. ਮੇਲਾ ਸਿੰਘ ਜੀ

ਤੇ ਭਾਈ ਸਾਹਿਬ ਸਿੰਘ ਜੀ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਸਭਨਾਂ ਨੂੰ ਲੰਗਰ ਛਕਾਇਆ ਅਤੇ ਉਹਨਾਂ ਦੇ ਆਰਾਮ ਕਰਨ ਦਾ ਪ੍ਰਬੰਧ ਕੀਤਾ। ਕੁਦਰਤ ਦੀ ਐਸੀ ਖੇਡ ਵਰਤੀ, ਮਕੈਨਿਕ ਉਸ ਦਿਨ ਗੱਡੀ ਠੀਕ ਨਹੀਂ ਕਰ ਸਕਿਆ। ਸ. ਮੇਲਾ ਸਿੰਘ ਜੀ ਨੇ ਸੰਤ ਤੇਜਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਰਾਤ ਇੱਥੇ ਸਾਡੇ ਗ੍ਰਿਹ ਵਿਖੇ ਹੀ ਟਿਕਾਣਾ ਕਰੋ। ਸੰਤ ਤੇਜਾ ਸਿੰਘ ਨੇ, ਸ. ਮੇਲਾ ਸਿੰਘ ਜੀ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ, ਆਪਣੇ ਸਾਥੀਆਂ ਸਹਿਤ ਸ. ਮੇਲਾ ਸਿੰਘ ਜੀ ਦੇ ਗ੍ਰਿਹ ਵਿਖੇ ਟਿਕਾਣਾ ਕੀਤਾ।

ਅਗਲੇ ਦਿਨ, ਸੰਤ ਤੇਜਾ ਸਿੰਘ ਜੀ ਅੰਮ੍ਰਿਤ ਵੇਲੇ ਉਠੇ, ਨਿੱਤਨੇਮ ਦਾ ਪਾਠ ਕਰਕੇ, ਨਾਸ਼ਤਾ ਕੀਤਾ। ਪਰਿਵਾਰ ਨੇ (ਖ਼ਾਸ ਕਰਕੇ ਭਾਈ ਸਾਹਿਬ ਸਿੰਘ ਜੀ ਨੇ) ਸੰਤ ਜੀ ਦੀ ਤੇ ਨਾਲ ਦੇ ਸਿੰਘਾਂ ਦੀ ਖ਼ੂਬ ਸੇਵਾ ਕੀਤੀ। ਗੱਡੀ ਠੀਕ ਕਰਨ ਵਾਲੇ ਮਕੈਨਿਕ ਨੂੰ ਫਿਰ ਤੋਂ ਬੁਲਾਇਆ ਗਿਆ, ਉਸ ਨੇ ਗੱਡੀ ਠੀਕ ਕੀਤੀ ਤਾਂ ਸੰਤ ਤੇਜਾ ਸਿੰਘ ਤੇ ਹੋਰ ਸਿੰਘਾਂ ਨੇ ਜਾਣ ਦੀ ਤਿਆਰੀ ਕਰ ਲਈ। ਘਰੋਂ ਤੁਰਨ ਲੱਗਿਆਂ, ਸੰਤ ਤੇਜਾ ਸਿੰਘ ਜੀ ਨੇ ਭਾਈ ਸਾਹਿਬ ਸਿੰਘ ਜੀ ਵੱਲ ਇਸ਼ਾਰਾ ਕਰਕੇ, ਆਪ ਜੀ ਦੇ ਪਿਤਾ ਜੀ (ਸ. ਮੇਲਾ ਸਿੰਘ ਜੀ) ਨੂੰ ਸਹਿਜ-ਸੁਭਾਅ ਹੀ ਕਹਿ ਦਿੱਤਾ, ਇਹ ਕਾਕਾ ਸਾਨੂੰ ਦੇ ਦਿਉ। ਅਸੀਂ ਚੀਮਾ ਪਿੰਡ ਵਿਖੇ ਕਲਗੀਧਰ ਮਿਸ਼ਨਰੀ ਵਿਦਿਆਲਾ ਸ਼ੁਰੂ ਕਰਨ ਲੱਗੇ ਹਾਂ। ਸਾਹਿਬ ਸਿੰਘ ਨੂੰ ਅਸੀਂ ਇਸ ਵਿਦਿਆਲੇ ਦਾ ਪਹਿਲਾ ਵਿਦਿਆਰਥੀ ਬਣਾਉਣਾ ਚਾਹੁੰਦੇ ਹਾਂ। ਸ. ਮੇਲਾ ਸਿੰਘ ਜੀ ਸਸ਼ੋਪੰਜ 'ਚ ਪੈ ਗਏ, ਕੀ ਕੀਤਾ ਜਾਵੇ, ਸਾਹਿਬ ਸਿੰਘ 11-12 ਸਾਲਾਂ ਦਾ ਛੋਟਾ ਜਿਹਾ ਬੱਚਾ ਹੈ, ਕਦੇ ਘਰੋਂ ਬਾਹਰ ਨਹੀਂ ਨਿਕਲਿਆ, ਬੱਚਿਆਂ ਵਿੱਚੋਂ ਸੱਭ ਤੋਂ ਵੱਡਾ ਹੋਣ ਕਾਰਨ, ਆਰਥਿਕ ਪੱਖੋਂ ਪਰਿਵਾਰ ਦੀ ਮਦਦ ਵੀ ਕਰਦਾ ਹੈ। ਇਸ ਦੇ ਘਰੋਂ ਚਲੇ ਜਾਣ ਨਾਲ, ਪਰਿਵਾਰ ਨੂੰ ਫੌਰੀ ਤੌਰ 'ਤੇ ਵੱਡਾ ਘਾਟਾ ਪਵੇਗਾ। ਫਿਰ, ਸ. ਮੇਲਾ ਸਿੰਘ ਜੀ ਨੇ ਆਪਣੀ ਸੁਪਤਨੀ ਨਾਲ ਸਲਾਹ ਕੀਤੀ ਕਿ ਕਿਵੇਂ ਕਰੀਏ। ਅਖ਼ੀਰ, ਮਾਤਾ-ਪਿਤਾ ਜੀ ਨੇ ਸੋਚਿਆ ਕਿ ਸਾਡੀ ਜਿੰਦਗੀ ਤਾਂ ਕਿਸੇ ਨਾ ਕਿਸੇ ਤਰ੍ਹਾਂ ਬੀਤ ਜਾਵੇਗੀ, ਪਰ, ਜੇ ਸਾਹਿਬ ਸਿੰਘ ਨੂੰ ਸੰਤਾਂ ਪਾਸ ਭੇਜ ਦਿੰਦੇ ਹਾਂ ਤਾਂ ਇਸ ਦੀ ਜਿੰਦਗੀ ਸਫ਼ਲ ਹੋ ਜਾਵੇਗੀ। ਬੱਸ, ਇਹੀ ਸੋਚ ਕੇ ਮਾਤਾ-ਪਿਤਾ ਜੀ ਨੇ ਭਾਈ ਸਾਹਿਬ ਸਿੰਘ ਜੀ ਨੂੰ ਸੰਤ ਤੇਜਾ ਸਿੰਘ ਜੀ ਪਾਸ ਭੇਜਣ ਦਾ ਫੈਸਲਾ ਕਰ ਲਿਆ।

**ਧਾਰਮਿਕ ਵਿੱਦਿਆ:**

ਕੁਝ ਦਿਨਾਂ ਬਾਅਦ, ਭਾਈ ਸਾਹਿਬ ਸਿੰਘ ਜੀ ਅੰਬਾਲੇ ਤੋਂ ਰੇਲ ਗੱਡੀ ਰਾਹੀਂ ਸੁਨਾਮ ਤੇ ਫਿਰ ਸੁਨਾਮ ਤੋਂ ਬੱਸ ਰਾਹੀਂ ਸੰਤ ਤੇਜਾ ਸਿੰਘ ਜੀ ਪਾਸ ਪਿੰਡ ਚੀਮਾ ਪਹੁੰਚ ਗਏ। ਉਦੋਂ ਹਾਲੇ ਵਿਦਿਆਲਾ ਸ਼ੁਰੂ ਨਹੀਂ ਸੀ ਹੋਇਆ। ਵਿਦਿਆਲਾ ਸ਼ੁਰੂ ਹੋਣ 'ਚ 2-3 ਮਹੀਨੇ ਦਾ ਸਮਾਂ ਸੀ। ਸੰਤ ਤੇਜਾ ਸਿੰਘ ਜੀ ਨੇ ਭਾਈ ਸਾਹਿਬ ਸਿੰਘ ਜੀ ਨੂੰ ਗੁਰਬਾਣੀ ਕੰਠ ਕਰਨ ਲਈ ਹੁਕਮ ਕੀਤਾ ਤੇ ਨਾਲ ਹੀ ਗਊਆਂ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਭਾਈ ਸਾਹਿਬ ਸਿੰਘ ਜੀ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ-ਪਾਣੀ ਕਰਕੇ ਨਿੱਤਨੇਮ ਕਰਦੇ, ਫਿਰ ਨਾਸ਼ਤਾ ਕਰਕੇ ਗਊਆਂ ਦੀ ਦੇਖਭਾਲ ਕਰਨ ਲਈ ਚਲੇ ਜਾਂਦੇ। ਵਾਪਸ ਆ ਕੇ, ਗੁਰਬਾਣੀ ਕੰਠ ਕਰਦੇ ਤੇ ਗੁਰਬਾਣੀ ਦਾ ਅਭਿਆਸ ਕਰਦੇ।

ਕੁਝ ਸਮਾਂ ਪਾ ਕੇ ਇਹ ਵਿਦਿਆਲਾ ਸ਼ੁਰੂ ਹੋ ਗਿਆ ਤੇ ਭਾਈ ਸਾਹਿਬ ਸਿੰਘ ਜੀ ਦੀ ਰੈਗੂਲਰ ਪੜ੍ਹਾਈ ਸ਼ੁਰੂ ਹੋ ਗਈ। ਵੱਖ-ਵੱਖ ਤਰ੍ਹਾਂ ਦੀ ਵਿੱਦਿਆ ਦੇਣ ਲਈ, ਵੱਖ-ਵੱਖ ਉਸਤਾਦ ਤੇ ਵਿਸ਼ੇ ਦੇ ਮਾਹਿਰ ਅਧਿਆਪਕ ਸਨ ਜਿਵੇਂ ਕਿ ਗੁਰਬਾਣੀ ਦੀ ਸੰਥਿਆ ਦੇਣ ਲਈ ਗਿਆਨੀ ਚਰਨਜੀਤ ਸਿੰਘ ਜੀ ਅਤੇ ਸੂਰਜ ਪ੍ਰਤਾਪ ਗ੍ਰੰਥ ਦੀ ਕਥਾ ਦਾ ਅਭਿਆਸ ਕਰਵਾਉਣ ਲਈ ਸੰਤ ਸੰਤੋਖ ਸਿੰਘ ਜੀ ਤੇ ਪੰਡਿਤ ਲਛਮਣ ਸਿੰਘ ਆਦਿ ਦੀਆਂ ਸੇਵਾਵਾਂ ਲਈਆਂ ਗਈਆਂ ਸਨ। ਇਸੇ ਤਰ੍ਹਾਂ ਹੀ ਹਰਮੋਨੀਅਮ ਤੇ ਤਬਲੇ ਦੀ ਸਿਖਲਾਈ ਦੇਣ ਲਈ ਸੰਗੀਤ ਦੇ ਵੱਖ-ਵੱਖ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਸਨ।

ਇੰਞ ਤਿੰਨ ਸਾਲ ਗੁਰਮਤਿ ਵਿੱਦਿਆ ਹਾਸਲ ਕਰਕੇ, 15 ਸਾਲਾਂ ਦੀ ਉਮਰ 'ਚ ਭਾਈ ਸਾਹਿਬ ਸਿੰਘ ਜੀ ਨੇ ਕਲਗੀਧਰ ਮਿਸ਼ਨਰੀ ਵਿਦਿਆਲੇ ਦੇ ਪਹਿਲੇ ਵਿਦਿਆਰਥੀ ਵਜੋਂ ਸਫ਼ਲਤਾ ਹਾਸਲ ਕੀਤੀ। ਸੰਤ ਤੇਜਾ ਸਿੰਘ ਜੀ, ਭਾਈ ਸਾਹਿਬ

ਸਿੰਘ ਜੀ ਦੇ ਗੁਣਾਂ ਤੋਂ ਬਹੁਤ ਪ੍ਰਭਾਵਤ ਸਨ ਅਤੇ ਆਪ ਜੀ ਨੂੰ ਆਪਣੇ ਪਾਸ ਹੀ ਰੱਖਣਾ ਚਾਹੁੰਦੇ ਸਨ। ਪਰ, ਭਾਈ ਸਾਹਿਬ ਸਿੰਘ ਜੀ, ਘਰ ਦੇ ਆਰਥਿਕ ਹਾਲਾਤ ਠੀਕ ਨਾ ਹੋਣ ਕਾਰਨ, ਵਾਪਸ ਘਰ ਆਉਣਾ ਚਾਹੁੰਦੇ ਸਨ।

ਭਾਈ ਸਾਹਿਬ ਸਿੰਘ ਜੀ ਵਾਪਸ ਆਉਣ ਲੱਗੇ ਤਾਂ ਸੰਤ ਤੇਜਾ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਨੂੰ ਕਹਿਣ ਲੱਗੇ ਕਿ ਸਾਹਿਬ ਸਿੰਘ ! ਕੀ ਅਸੀਂ ਤੇਰੇ ਪਾਸੋਂ ਪੜ੍ਹਾਈ ਕਰਵਾਉਣ ਦੀ, ਪੁਸਤਕਾਂ ਦੀ, ਲੰਗਰ ਦੀ, ਰਿਹਾਇਸ਼ ਦੀ ਜਾਂ ਫਿਰ ਬਸਤਰਾਂ (ਕੱਪੜਿਆਂ) ਆਦਿ ਦੀ ਕੋਈ ਕਿਸੇ ਤਰ੍ਹਾਂ ਦੀ ਭੇਟਾ ਲਈ ਹੈ? ਭਾਈ ਸਾਹਿਬ ਸਿੰਘ ਜੀ ਦੇ "ਨਾ" ਕਹਿਣ 'ਤੇ, ਸੰਤ ਤੇਜਾ ਸਿੰਘ ਜੀ ਕਹਿਣ ਲੱਗੇ ਕਿ ਫਿਰ ਤਾਂ ਤੂੰ ਗੁਰੂ ਘਰ ਦਾ ਕਰਜ਼ਾਈ ਹੋ ਗਿਆ ਹੈਂ। ਅੱਗੋਂ ਭਾਈ ਸਾਹਿਬ ਸਿੰਘ ਜੀ ਕਹਿਣ ਲੱਗੇ ਕਿ ਸਾਡੇ ਘਰ ਦੇ ਆਰਥਿਕ ਹਾਲਾਤ ਠੀਕ ਨਹੀਂ ਹਨ, ਮੈਂ ਇਹ ਕਰਜ਼ਾ ਕਿਵੇਂ ਲਾਹਵਾਂਗਾ। ਸੰਤ ਤੇਜਾ ਸਿੰਘ ਜੀ ਮੁਸਕੁਰਾ ਕੇ ਕਹਿਣ ਲੱਗੇ ਕਿ ਸਾਹਿਬ ਸਿੰਘ ! ਤੂੰ ਆਪਣੇ ਜਿਹੇ ਪੰਜ ਸਿੰਘ ਹੋਰ ਤਿਆਰ ਕਰ ਦੇਈਂ, ਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਕਰਜ਼ਾ ਲਹਿ ਜਾਵੇਗਾ। ਸੰਤ ਤੇਜਾ ਸਿੰਘ ਜੀ ਨਾਲ ਇਹ ਵਾਅਦਾ ਕਰਕੇ, ਭਾਈ ਸਾਹਿਬ ਸਿੰਘ ਜੀ ਵਾਪਸ ਅੰਬਾਲੇ ਆ ਗਏ।

**ਮੁੱਖ ਗ੍ਰੰਥੀ ਵਜੋਂ ਸੇਵਾ:**

ਕੁਝ ਦਿਨਾਂ ਬਾਅਦ, ਸੰਨ 1956 ਈ. 'ਚ, 15 ਸਾਲਾਂ ਦੀ ਛੋਟੀ ਜਿਹੀ ਉਮਰ 'ਚ, ਭਾਈ ਸਾਹਿਬ ਸਿੰਘ ਜੀ ਨੇ ਸ਼ਾਹਬਾਦ ਮਾਰਕੰਡਾ 'ਚ ਸੁਭਾਇਮਾਨ ਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚਲ ਰਹੇ ਗੁਰੂਦੁਆਰਾ ਮਸਤਗੜ੍ਹ ਸਾਹਿਬ ਵਿਖੇ, 50 ਰੁਪਏ ਮਹੀਨੇ ਦੀ ਤਨਖ਼ਾਹ 'ਤੇ, ਮੁੱਖ ਗ੍ਰੰਥੀ ਵਜੋਂ ਸੇਵਾ ਸੰਭਾਲ ਲਈ। ਇਥੇ ਰਹਿੰਦਿਆਂ ਆਪ ਜੀ ਨੇ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਦੀ ਪ੍ਰੀਖਿਆ ਵੀ ਪਾਸ ਕਰ ਲਈ। ਇੱਥੋਂ ਹੀ ਆਪ ਜੀ ਦਾ ਨਾਮ ਗਿਆਨੀ ਸਾਹਿਬ ਸਿੰਘ ਜੀ "ਸ਼ਾਹਬਾਦ ਮਾਰਕੰਡੇ ਵਾਲੇ" ਵਜੋਂ ਪ੍ਰਸਿੱਧ ਹੋ ਗਿਆ।

**ਅਨੰਦ ਕਾਰਜ:**

ਆਪ ਜੀ ਦਾ ਅਨੰਦ ਕਾਰਜ, ਬੀਬੀ ਸੁਰਿੰਦਰ ਕੌਰ ਜੀ ਸਪੁੱਤਰੀ ਗਿਆਨੀ ਕਰਤਾਰ ਸਿੰਘ ਜੀ ਨਾਲ, ਪੂਰਨ ਗੁਰਮਤਿ ਮਰਿਆਦਾ ਅਨੁਸਾਰ ਹੋਇਆ। ਆਪ ਜੀ ਦੇ ਗ੍ਰਿਹ ਵਿਖੇ, ਦੋ ਸਪੁੱਤਰਾਂ (ਸ. ਭਗਵੰਤ ਸਿੰਘ ਜੀ ਤੇ ਸ. ਦਲਜੀਤ ਸਿੰਘ ਜੀ) ਅਤੇ ਤਿੰਨ ਸਪੁੱਤਰੀਆਂ (ਬੀਬੀ ਇੰਦਰਪਾਲ ਕੌਰ ਜੀ, ਬੀਬੀ ਜਤਿੰਦਰਪਾਲ ਕੌਰ ਜੀ ਤੇ ਬੀਬੀ ਪ੍ਰਿਤਪਾਲ ਕੌਰ ਜੀ) ਨੇ ਜਨਮ ਲਿਆ। ਦੋਵੇਂ ਸਪੁੱਤਰ ਤੇ ਉਹਨਾਂ ਦਾ ਪਰਿਵਾਰ, ਗਿਆਨੀ ਸਾਹਿਬ ਸਿੰਘ ਜੀ ਦੇ ਨਾਲ, ਸ਼ਾਹਬਾਦ ਮਾਰਕੰਡਾ ਵਿਖੇ ਹੀ ਰਹਿੰਦੇ ਹਨ ਅਤੇ ਤਿੰਨ ਸਪੁੱਤਰੀਆਂ ਆਪੋ-ਆਪਣੇ ਪਰਿਵਾਰਾਂ 'ਚ ਕ੍ਰਮਵਾਰ ਕੁਰੁਸ਼ੇਤਰ, ਲੁਧਿਆਣੇ ਤੇ ਮੋਹਾਲੀ ਰਹਿੰਦੀਆਂ ਹਨ।

**ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਜੇਲ੍ਹ 'ਚ:**

ਸੰਨ 1965 ਈ. 'ਚ, ਪੰਜਾਬੀ ਸੂਬੇ ਦੇ ਮੋਰਚੇ ਦੌਰਾਨ, ਗਿਆਨੀ ਸਾਹਿਬ ਸਿੰਘ ਜੀ ਨੂੰ 1200 ਹੋਰ ਸਿੰਘਾਂ ਦੇ ਨਾਲ ਰੋਹਤਕ ਜ਼ੇਲ 'ਚ ਕੈਦ ਕਰ ਦਿੱਤਾ ਗਿਆ। ਇਸ ਸਮੇਂ ਦੌਰਾਨ, ਰੋਹਤਕ ਜ਼ੇਲ 'ਚ, ਸਵੇਰੇ-ਸ਼ਾਮ ਦੋਨੋਂ ਸਮੇਂ ਦੀਵਾਨ ਸਜਣੇ ਸ਼ੁਰੂ ਹੋ ਗਏ। ਗਿਆਨੀ ਸਾਹਿਬ ਸਿੰਘ ਜੀ ਸਵੇਰੇ ਦੇ ਦੀਵਾਨ 'ਚ, ਨਿੱਤਨੇਮ ਤੋਂ ਬਾਅਦ, ਸੁਖਮਨੀ ਸਾਹਿਬ ਦੇ ਪਾਠ ਦੀ ਕਥਾ ਕਰਦੇ ਸਨ ਤੇ ਸ਼ਾਮਾਂ ਦੇ ਦੀਵਾਨ 'ਚ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਸੂਰਜ ਪ੍ਰਤਾਪ ਗ੍ਰੰਥ ਦੀ ਲੜੀਵਾਰ ਕਥਾ ਕਰਦੇ ਸਨ। ਸਾਰੇ ਹੀ ਸਿੰਘ ਇਹਨਾਂ ਦੀਵਾਨਾਂ 'ਚ ਹਾਜ਼ਰੀ ਭਰ ਕੇ ਲਾਹੇ ਲੈਂਦੇ ਸਨ। ਇਧਰ ਸੰਨ 1965 ਈ. ਚ ਹੀ ਆਪ ਜੀ ਦੇ ਸਤਿਕਾਰਯੋਗ ਪਿਤਾ ਜੀ (ਸ. ਮੇਲਾ ਸਿੰਘ ਜੀ) ਅਕਾਲ ਚਲਾਣਾ ਕਰ ਗਏ।

**ਮੁੱਖ ਗ੍ਰੰਥੀ ਦੀ ਸੇਵਾ ਤੋਂ ਅਸਤੀਫ਼ਾ:**

ਗਿਆਨੀ ਸਾਹਿਬ ਸਿੰਘ ਜੀ ਨੇ ਰੋਹਤਕ ਜੇਲ੍ਹ ਚੋਂ ਵਾਪਸ ਆ ਕੇ, ਮੁੜ ਤੋਂ ਗੁਰੂਦੁਆਰਾ ਮਸਤਗੜ੍ਹ ਸਾਹਿਬ ਵਿਖੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇੱਥੇ ਗੁਰੂਦੁਆਰਾ ਸਾਹਿਬ ਵਿਖੇ ਸੇਵਾ ਕਰਦਿਆਂ, ਕੁਝ ਸਮਾਂ ਬੀਤਿਆ ਤਾਂ ਗੁਰੂਦੁਆਰਾ ਸਾਹਿਬ ਜੀ ਦੇ ਪ੍ਰਧਾਨ ਸਾਹਿਬ ਨਾਲ ਵਿਚਾਰਾਂ ਦਾ ਵਖਰੇਵਾਂ ਹੋ ਗਿਆ। ਇੱਕ ਦਿਨ ਗੁਰੂਦੁਆਰਾ ਸਾਹਿਬ ਜੀ ਦਾ ਪ੍ਰਧਾਨ ਸ਼ਰਾਬ ਪੀ ਕੇ ਗੁਰੂਦੁਆਰਾ ਸਾਹਿਬ ਆ ਗਿਆ, ਸੰਗਤਾਂ ਨੇ ਇਸ ਗੱਲ ਦਾ ਇਤਰਾਜ਼ ਕੀਤਾ, ਗਿਆਨੀ ਜੀ ਨੇ ਪ੍ਰਧਾਨ ਨੂੰ ਕਿਹਾ ਕਿ ਜਾਂ ਤਾਂ ਸ਼ਰਾਬ ਪੀਣੀ ਛੱਡ ਦੇ ਨਹੀਂ ਤਾਂ ਪ੍ਰਧਾਨਗੀ ਛੱਡ ਦੇ। ਪਰ, ਪ੍ਰਧਾਨ ਨਾ ਮੰਨਿਆ। ਅਖ਼ੀਰ, ਗਿਆਨੀ ਜੀ ਨੇ ਮੁੱਖ ਗ੍ਰੰਥੀ ਦੀ ਸੇਵਾ ਤੋਂ ਅਸਤੀਫ਼ਾ ਦੇਣ ਦਾ ਮਨ ਬਣਾ ਲਿਆ।

ਆਪ ਜੀ ਦਾ ਇੱਕ ਜਾਣਕਾਰ ਆਰਮੀ 'ਚ ਮੇਜਰ ਦੇ ਅਹੁਦੇ 'ਤੇ ਸੀ, ਉਸ ਨੇ ਦੱਸ ਪਾਈ ਕਿ ਆਰਮੀ ਦੇ ਗੁਰੂਦੁਆਰਾ ਸਾਹਿਬ 'ਚ ਗ੍ਰੰਥੀ ਸਿੰਘ ਦੀ ਜਗ੍ਹਾ ਖਾਲੀ ਹੈ, ਤੁਸੀਂ ਅਪਲਾਈ ਕਰ ਦਿਓ। ਗਿਆਨੀ ਸਾਹਿਬ ਸਿੰਘ ਜੀ ਨਾਸਿਕ ਵਿਖੇ ਇੰਟਰਵਿਊ ਦੇਣ ਲਈ ਗਏ, ਆਪ ਜੀ ਪਾਸ ਤਜ਼ਰਬਾ ਵੀ ਸੀ, ਗਿਆਨੀ ਦੀ ਡਿਗਰੀ ਵੀ ਸੀ। ਆਰਮੀ 'ਚ, ਆਪ ਜੀ ਦੀ ਨਿਯੁਕਤੀ ਨਾਇਬ ਸੂਬੇਦਾਰ ਵਜੋਂ ਹੋ ਗਈ। ਗਿਆਨੀ ਜੀ ਨੇ ਵਾਪਸ ਆ ਕੇ ਗੁਰੂਦੁਆਰਾ ਮਸਤਗੜ੍ਹ ਸਾਹਿਬ ਜੀ ਦੇ ਮੁੱਖ ਗ੍ਰੰਥੀ ਵਜੋਂ ਅਸਤੀਫ਼ਾ ਦੇ ਦਿੱਤਾ। ਇਸ ਗੁਰੂਦੁਆਰਾ ਸਾਹਿਬ ਵਿਖੇ, ਆਪ ਜੀ ਨੇ ਲਗਭਗ 9 ਸਾਲ ਸੇਵਾ ਕੀਤੀ।

**ਗੁਰੂਦੁਆਰਾ ਗੁਰੂ ਨਾਨਕ ਦਰਬਾਰ ਸਾਹਿਬ ਜੀ ਦੀ ਸਥਾਪਨਾ:**

ਜਦੋਂ ਸੰਗਤਾਂ ਨੂੰ ਗਿਆਨੀ ਸਾਹਿਬ ਸਿੰਘ ਜੀ ਦੇ ਅਸਤੀਫ਼ੇ ਬਾਰੇ ਪਤਾ ਲੱਗਿਆ ਤਾਂ ਸੰਗਤਾਂ ਨੇ ਗਿਆਨੀ ਜੀ ਨੂੰ ਸ਼ਾਹਬਾਦ ਮਾਰਕੰਡਾ ਤੋਂ ਜਾਣ ਦੀ ਇਜ਼ਾਜ਼ਤ ਨਹੀਂ ਦਿੱਤੀ। ਗਿਆਨੀ ਸਾਹਿਬ ਸਿੰਘ ਜੀ ਵੱਲੋਂ, ਗੁਰੂਦੁਆਰਾ ਮਸਤਗੜ੍ਹ ਸਾਹਿਬ ਵਿਖੇ ਆਪਣੀਆਂ ਸੇਵਾਵਾਂ ਜਾਰੀ ਰੱਖਣ ਤੋਂ ਅਸਮਰਥਤਾ ਪ੍ਰਗਟ ਕਰਨ ਤੋਂ ਬਾਅਦ, ਸੰਗਤਾਂ ਨੇ ਇਹ ਤਜ਼ਵੀਜ਼ ਰੱਖੀ ਕਿ ਆਪਾਂ ਸਾਰੇ ਸੰਗਤੀ ਰੂਪ 'ਚ ਇੱਕ ਨਵੇਂ ਗੁਰੂਦੁਆਰਾ ਸਾਹਿਬ ਦੀ ਸਥਾਪਨਾ ਕਰਕੇ, ਉਸ ਅਸਥਾਨ 'ਤੇ ਗੁਰਬਾਣੀ ਤੇ ਕੀਰਤਨ ਦਾ ਪ੍ਰਵਾਹ ਆਰੰਭ ਕਰ ਦਿੰਦੇ ਹਾਂ, ਪਰ, ਅਸੀਂ ਆਪ ਜੀ ਨੂੰ ਇਹ ਨਗਰ ਛੱਡ ਕੇ ਜਾਣ ਦੀ ਇਜ਼ਾਜ਼ਤ ਨਹੀਂ ਦੇਣੀ। ਸ਼ਾਹਬਾਦ ਮਾਰਕੰਡਾ ਦੇ ਰਹਿਣ ਵਾਲੇ ਸ. ਲਾਲ ਸਿੰਘ ਜੀ ਨੇ ਆਪਣੀ ਜ਼ਮੀਨ ਇਸ ਕਾਰਜ ਲਈ ਭੇਟਾ ਕਰ ਦਿੱਤੀ। ਇਸ ਅਸਥਾਨ 'ਤੇ ਗੁਰੂਦੁਆਰਾ ਸਾਹਿਬ ਦੀ ਉਸਾਰੀ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਤੇ ਗੁਰੂਦੁਆਰਾ ਸਾਹਿਬ ਜੀ ਦਾ ਨਾਮ "ਗੁਰੂਦੁਆਰਾ ਗੁਰੂ ਨਾਨਕ ਦਰਬਾਰ" ਰੱਖਿਆ ਗਿਆ। ਗੁਰੂਦੁਆਰਾ ਸਾਹਿਬ ਜੀ ਦੇ ਨਾਲ ਲਗਦੀ ਜਗ੍ਹਾ, ਜੋ ਕਿ ਸ. ਲਾਲ ਸਿੰਘ ਜੀ ਦੇ ਭਰਾ ਸ. ਗੁਰਦਿਆਲ ਸਿੰਘ ਜੀ ਦੇ ਨਾਮ ਪੁਰ ਸੀ, ਮੁੱਲ ਲੈ ਲਈ ਗਈ। ਅੱਜ ਇਸ ਅਸਥਾਨ 'ਤੇ ਗੁਰੂਦੁਆਰਾ ਸਾਹਿਬ ਦੀ ਇਮਾਰਤ ਤੋਂ ਇਲਾਵਾ ਦੀਵਾਨ ਹਾਲ, ਲੰਗਰ ਅਸਥਾਨ, ਚੈਰੀਟੇਬਲ ਡਿਸਪੈਂਸਰੀ, ਰਿਹਾਇਸ਼ੀ ਕਮਰੇ ਅਤੇ ਇੱਕ ਰਿਕਾਰਡਿੰਗ ਸਟੂਡੀਓ ਵੀ ਬਣਿਆ ਹੋਇਆ ਹੈ। ਇਸੇ ਅਸਥਾਨ 'ਤੇ, ਗੁਰੂ ਨਾਨਕ ਮਿਸ਼ਨ ਗੁਰਮਤਿ ਵਿਦਿਆਲਾ ਬਣਿਆ ਹੋਇਆ ਹੈ, ਜਿੱਥੇ ਗੁਰਬਾਣੀ ਦੀ ਸੰਥਿਆ ਤੇ ਸੂਰਜ ਪ੍ਰਤਾਪ ਗ੍ਰੰਥ ਦੀ ਕਥਾ ਤੋਂ ਇਲਾਵਾ, ਕੀਰਤਨ ਸਿਖਲਾਈ ਦੀਆਂ ਕਲਾਸਾਂ ਵੀ ਲਾਈਆਂ ਜਾਂਦੀਆਂ ਹਨ। ਇਸ ਗੁਰੂਦੁਆਰਾ ਸਾਹਿਬ ਜੀ ਦਾ ਸਮੁੱਚਾ ਨਿਰਮਾਣ ਕਾਰਜ, ਗਿਆਨੀ ਸਾਹਿਬ ਸਿੰਘ ਜੀ ਦੀ ਨਿਗਰਾਨੀ ਹੇਠ ਸੰਪੂਰਨ ਹੋਇਆ ਹੈ।

**ਪਾਠ ਬੋਧ ਸਮਾਗਮ ਤੇ ਗੁਰਮਤਿ ਵਿੱਦਿਆ ਪੜ੍ਹਾਉਣੀ:**

ਇੱਕ ਵਾਰ ਦੀ ਗੱਲ ਹੈ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸਾਂਝੇ ਤੌਰ 'ਤੇ, ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਪਾਠ-ਬੋਧ ਸਮਾਗਮ ਰੱਖਿਆ ਗਿਆ ਸੀ। ਸਬੱਬ ਨਾਲ ਇਸ ਪਾਠ-ਬੋਧ ਸਮਾਗਮ 'ਚ, ਗਿਆਨੀ ਸਾਹਿਬ ਸਿੰਘ ਜੀ ਨੂੰ ਪਾਠ-ਬੋਧ ਕਰਨ ਦਾ ਮੌਕਾ ਮਿਲ ਗਿਆ। ਬੱਸ, ਫਿਰ ਕੀ ਸੀ, ਇਸ ਸਮਾਗਮ ਤੋਂ ਬਾਅਦ ਤਾਂ ਪਾਠ-ਬੋਧ ਸਮਾਗਮਾਂ ਦੀਆਂ ਲੜੀਆਂ ਹੀ ਸ਼ੁਰੂ ਹੋ ਗਈਆਂ। ਗਿਆਨੀ ਸਾਹਿਬ ਸਿੰਘ ਜੀ ਹੁਣ ਤਕ, ਕੁੱਲ 45 ਪਾਠ-ਬੋਧ ਸਮਾਗਮ ਕਰ ਚੁੱਕੇ ਹਨ।

ਗਿਆਨੀ ਸਾਹਿਬ ਸਿੰਘ ਜੀ ਨੇ ਗੁਰੂ ਨਾਨਕ ਮਿਸ਼ਨ ਗੁਰਮਤਿ ਵਿਦਿਆਲਾ, ਸ਼ਾਹਬਾਦ ਮਾਰਕੰਡਾ ਵਿਖੇ, ਲਗਭਗ 40 ਸਾਲ ਗੁਰਮਤਿ ਵਿੱਦਿਆ ਪੜ੍ਹਾਉਣ ਦੀ ਸੇਵਾ ਕੀਤੀ ਹੈ। ਇਸ ਅਸਥਾਨ ਤੋਂ ਵਿੱਦਿਆ ਹਾਸਲ ਕਰਕੇ, ਸੈਂਕੜੇ ਹੀ ਵਿਦਿਆਰਥੀ ਵੱਖ-ਵੱਖ ਇਲਾਕਿਆਂ 'ਚ ਸੇਵਾਵਾਂ ਨਿਭਾਅ ਰਹੇ ਹਨ। ਗਿਆਨੀ ਜਗਤਾਰ ਸਿੰਘ ਜੀ, ਸਾਬਕਾ ਮੁੱਖ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੇ ਵੀ ਇਸ ਵਿਦਿਆਲੇ 'ਚੋਂ ਗੁਰਮਤਿ ਦੀ ਸਿੱਖਿਆ ਹਾਸਲ ਕੀਤੀ ਸੀ। ਗਿਆਨੀ ਜੀ ਹੁਣ ਤੱਕ 9 ਵੱਖ-ਵੱਖ ਦੇਸ਼ਾਂ 'ਚ ਜਾ ਕੇ, ਕਥਾ ਰਾਹੀਂ, ਓਥੋਂ ਦੀਆਂ ਸੰਗਤਾਂ ਨੂੰ ਨਿਹਾਲ ਕਰ ਚੁੱਕੇ ਹਨ।

ਗੱਲਾਂ-ਗੱਲਾਂ 'ਚ ਹੀ ਗਿਆਨੀ ਜੀ ਕਹਿਣ ਲੱਗੇ ਕਿ ਕਈ ਵਾਰ ਪ੍ਰਬੰਧਕ ਸੱਜਣ ਮੇਰੇ ਪਾਸੋਂ ਕਥਾ ਕਰਨ ਦੀ ਭੇਟਾ ਪੁੱਛਦੇ ਹਨ। ਮੈਂ ਉਹਨਾਂ ਨੂੰ ਇੱਕ ਹੀ ਗੱਲ ਕਹਿੰਦਾ ਹਾਂ ਕਿ ਮੈਂ ਵਪਾਰੀ ਨਹੀਂ, ਮੈਂ ਭਿਖਾਰੀ ਵੀ ਨਹੀਂ ਤੇ ਮੈਂ ਤਿਆਗੀ ਵੀ ਨਹੀਂ ਭਾਵ ਕਿ ਮੈਂ ਕਥਾ ਕਰਨ ਨੂੰ ਵਪਾਰ ਨਹੀਂ ਬਣਾਇਆ, ਮੈਂ ਭੇਟਾ ਦਾ ਲਾਲਚੀ ਵੀ ਨਹੀਂ, ਪਰ, ਹਾਂ, ਆਪਣੀ ਤੇ ਪਰਿਵਾਰ ਦੀ ਪਾਲਣਾ-ਪੋਸ਼ਣਾ ਕਰਨ ਲਈ ਮਾਇਆ ਦੀ ਲੋੜ ਤਾਂ ਪੈਂਦੀ ਹੀ ਹੈ, ਇਸ ਲਈ ਮੈਂ ਮਾਇਆ ਦਾ ਤਿਆਗ ਵੀ ਨਹੀਂ ਕੀਤਾ।

**ਗੁਰਬਾਣੀ ਦੀ ਲੜੀਵਾਰ ਵਿਆਖਿਆ ਦੀ ਵੀਡਿਓ ਰਿਕਾਰਡਿੰਗ:**

ਸੰਨ 2014 ਈ. 'ਚ, ਗਿਆਨੀ ਸਾਹਿਬ ਸਿੰਘ ਜੀ ਦੇ ਦਿਲ ਦੀ ਬਾਈ-ਪਾਸ ਸਰਜਰੀ ਹੋਈ ਤਾਂ ਸ. ਜਗਜੀਤ ਸਿੰਘ ਜੀ "ਦਰਦੀ" "ਚੜ੍ਹਦੀ ਕਲਾ" ਵਾਲੇ, ਗਿਆਨੀ ਜੀ ਦਾ ਹਾਲ-ਚਾਲ ਪੁੱਛਣ ਲਈ ਆਏ। ਰਸਮੀ ਗੱਲਬਾਤ ਤੋਂ ਬਾਅਦ, ਗਿਆਨੀ ਸਾਹਿਬ ਸਿੰਘ ਜੀ, ਸ. ਜਗਜੀਤ ਸਿੰਘ ਜੀ ਨੂੰ ਕਹਿਣ ਲੱਗੇ ਕਿ ਮੇਰੇ ਮਨ ਦੀ ਇੱਛਾ ਹੈ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਭਾਇਮਾਨ ਬਾਣੀ ਦੀ ਲੜੀਵਾਰ ਵਿਆਖਿਆ ਰਿਕਾਰਡ ਕਰਵਾਵਾਂ। ਤੁਸੀਂ ਇਸ ਨੂੰ ਆਪਣੇ ਚੈਨਲ 'ਤੇ ਪ੍ਰਸਾਰਤ ਕਰੋਗੇ? ਗਿਆਨੀ ਜੀ ਪਾਸੋਂ ਇਹ ਬਚਨ ਸੁਣਕੇ, ਦਰਦੀ ਜੀ ਕਹਿਣ ਲੱਗੇ ਕਿ ਸਾਡੇ ਲਈ ਵੱਡੇ ਭਾਗਾਂ ਵਾਲੀ ਗੱਲ ਹੋਵੇਗੀ ਕਿ ਅਸੀਂ ਆਪਣੇ ਚੈਨਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਭਾਇਮਾਨ ਬਾਣੀ ਦੀ ਲੜੀਵਾਰ ਵਿਆਖਿਆ ਪ੍ਰਸਾਰਤ ਕਰੀਏ, ਪਰ, ਆਪ ਜੀ ਦੀ ਸਿਹਤ ਠੀਕ ਨਹੀਂ ਹੈ, ਡਾਕਟਰਾਂ ਨੇ ਆਪ ਜੀ ਨੂੰ ਦੋ-ਤਿੰਨ ਮਹੀਨੇ ਬਿਲਕੁੱਲ ਆਰਾਮ ਕਰਨ ਦੀ ਸਲਾਹ ਦਿੱਤੀ ਹੈ, ਰਿਕਾਰਡਿੰਗ ਕਿਵੇਂ ਕਰੋਗੇ? ਗਿਆਨੀ ਜੀ ਨੇ ਕਿਹਾ ਕਿ ਸਤਿਗੁਰੂ ਦਾ ਕਾਰਜ ਹੈ, ਉਸ ਨੇ ਆਪ ਹੀ ਕਰਵਾ ਲੈਣਾ ਹੈ। ਫਿਰ, ਅਰਦਾਸ ਕਰਕੇ, ਬਾਣੀ ਦੀ ਲੜੀਵਾਰ ਵਿਆਖਿਆ ਦਾ ਇਹ ਕਾਰਜ ਆਰੰਭ ਕਰ ਦਿੱਤਾ ਜੋ ਕਿ ਅੱਜ ਵੀ ਨਿਰੰਤਰ ਜਾਰੀ ਹੈ। ਆਪ ਜੀ ਗੁਰੂਦੁਆਰਾ ਗੁਰੂ ਨਾਨਕ ਦਰਬਾਰ 'ਚ ਸਥਾਪਤ ਕੀਤੇ ਗਏ ਰਿਕਾਰਡਿੰਗ ਸਟੂਡੀਓ 'ਚ, ਬਾਣੀ ਦੀ ਲੜੀਵਾਰ ਵਿਆਖਿਆ ਰਿਕਾਰਡ ਕਰਦੇ ਰਹਿੰਦੇ ਹਨ। ਮਿਤੀ 7 ਸਤੰਬਰ 2023 ਨੂੰ, ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 986 ਅੰਗ 'ਤੇ ਸੁਭਾਇਮਾਨ ਸ਼ਬਦ ਦੀ ਵਿਆਖਿਆ ਰਿਕਾਰਡ ਕੀਤੀ, ਜਿਸ ਦਾ ਅਨੰਦ ਮਾਣਨ ਦਾ ਮੌਕਾ ਮੈਨੂੰ ਵੀ ਮਿਲਿਆ।

